Fair Advice Financial | Carte Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 21* Issue 71 | Tuesday, April 12, 2022 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਕੈਨੇਡਾ ਨੇ ਰੂਸ ਉੱਤੇ ਲਾਈਆਂ ਨਵੀਆਂ ਪਾਬੰਦੀਆਂ



ਓਟਵਾ, 11 ਅਪਰੈਲ (ਪੋਸਟ ਬਿਊਰੋ) : ਯੂਕਰੇਨ ਉੱਤੇ ਧਾਵਾ ਬੋਲਣ ਦੇ ਸਬੰਧ ਵਿੱਚ ਕੈਨੇਡਾ ਵੱਲੋਂ ਰੂਸ ਉੱਤੇ ਨਵੀਆਂ ਪਾਬੰਦੀਆਂ ਲਾਈਆਂ ਗਈਆਂ ਹਨ। ਇਨ੍ਹਾਂ ਨਵੀਆਂ ਪਾਬੰਦੀਆਂ ਤਹਿਤ ਕੈਨੇਡਾ ਵੱਲੋਂ ਰੂਸ ਦੀ ਰੱਖਿਆ ਇੰਡਸਟਰੀ ਨੂੰ ਨਿਸ਼ਾਨਾ ਬਣਾਇਆ ਗਿਆ ਹੈ।

ਵਿਦੇਸ਼ ਮੰਤਰੀ ਮਿਲੇਨੀ ਜੋਲੀ ਦਾ ਕਹਿਣਾ ਹੈ ਕਿ ਨਵੇਂ ਮਾਪਦੰਡਾਂ ਤਹਿਤ ਰੂਸ ਦੇ ਰੱਖਿਆ ਖੇਤਰ ਦੀਆਂ 33 ਇਕਾਈਆਂ ਉੱਤੇ ਪਾਬੰਦੀਆਂ ਲਾਈਆਂ ਗਈਆਂ ਹਨ। ਉਨ੍ਹਾਂ ਆਖਿਆ ਕਿ ਜਿਹੜੀਆਂ ਆਰਗੇਨਾਈਜ਼ੇਸ਼ਨਜ਼ ਸਿੱਧੇ ਜਾਂ ਅਸਿੱਧੇ ਤੌਰ ਉੱਤੇ ਰੂਸੀ ਫੌਜ ਦੀ ਮਦਦ ਕਰਦੀਆਂ ਹਨ, ਉਨ੍ਹਾਂ ਨੂੰ ਰੂਸ ਵੱਲੋਂ ਯੂਕਰੇਨ ਉੱਤੇ ਕੀਤੀ ਚੜ੍ਹਾਈ ਦਾ ਖਮਿਆਜਾ ਭੁਗਤਣਾ ਪਵੇਗਾ। ਜਿਨ੍ਹਾਂ ਆਰਗੇਨਾਈਜ਼ੇਸ਼ਨਜ਼ ਉੱਤੇ ਗਾਜ ਗਿਰੇਗੀ ਉਨ੍ਹਾਂ ਵਿੱਚ ਮਾਸਕੋ ਇੰਸਟੀਚਿਊਟ ਆਫ ਫਿਜ਼ਿਕਸ ਐਂਡ ਟੈਕਨੋਲਾਜੀ, ਐਸਪੀਬੀ ਤੇ ਸਿ਼ੱਪਯਾਰਡ ਵਿੰਪਲ ਜੇਐਸਸੀ ਸ਼ਾਮਲ ਹਨ।

24 ਫਰਵਰੀ ਨੂੰ ਰੂਸ ਵੱਲੋਂ ਯੂਕਰੇਨ ਉੱਤੇ ਕੀਤੇ ਗਏ ਹਮਲੇ ਤੋਂ ਬਾਅਦ ਕੈਨੇਡਾ ਨੇ ਮਾਸਕੋ, ਯੂਕਰੇਨ ਤੇ ਬੇਲਾਰੂਸ ਦੇ 700 ਵਿਅਕਤੀਆਂ ਤੇ ਵਸਤਾਂ ਉੱਤੇ ਪਾਬੰਦੀਆਂ ਲਾਈਆਂ ਹਨ। 2014 ਵਿੱਚ ਰੂਸ ਵੱਲੋਂ ਕ੍ਰਿਮੀਆ ਨੂੰ ਵੱਖ ਕਰਕੇ ਆਪਣੇ ਨਾਲ ਰਲਾਉਣ ਤੋਂ ਬਾਅਦ ਤੋਂ ਹੀ ਕੈਨੇਡਾ ਨੇ 1100 ਵਿਅਕਤੀਆਂ ਤੇ ਇਕਾਈਆਂ ਉੱਤੇ ਪਾਬੰਦੀਆਂ ਲਾਈਆਂ ਸਨ। ਇੱਕ ਬਿਆਨ ਜਾਰੀ ਕਰਦਿਆਂ ਜੋਲੀ ਨੇ ਆਖਿਆ ਕਿ ਕੈਨੇਡਾ ਹਮੇਸ਼ਾਂ ਯੂਕਰੇਨ ਦੇ ਨਾਲ ਖੜ੍ਹਾ ਰਿਹਾ ਹੈ ਤੇ ਅੱਗੇ ਵੀ ਖੜ੍ਹਾ ਰਹੇਗਾ। ਉਨ੍ਹਾਂ ਆਖਿਆ ਕਿ ਆਪਣੀ ਆਜ਼ਾਦੀ ਲਈ ਲੜਨ ਵਾਲੇ ਨਿਡਰ ਤੇ ਦਲੇਰ ਔਰਤਾਂ ਤੇ ਮਰਦਾਂ ਨੂੰ ਸਮਰਥਨ ਦੇਣਾ ਅਸੀਂ ਜਾਰੀ ਰੱਖਾਂਗੇ ਤੇ ਵਧੀਕੀਆਂ ਕਰਨ ਵਾਲਿਆਂ ਨੂੰ ਜਵਾ-ਬਦੇਹ ਠਹਿਰਾਇਆ ਜਾਵੇਗਾ।

## ਇੱਕ ਵਾਰੀ ਫਿਰ ਮੂਰ ਵੱਲੋਂ ਓਨਟਾਰੀਓ ਵਾਸੀਆਂ ਨੂੰ ਮਾਸਕ ਲਾ ਕੇ ਰੱਖਣ ਦੀ ਦਿੱਤੀ ਗਈ ਸਲਾਹ



ਓਨਟਾਰੀਓ, 11 ਅਪਰੈਲ (ਪੋਸਟ ਬਿਊਰੋ) : ਕੋਵਿਡ-19 ਦੀ ਛੇਵੀਂ ਵੇਵ ਦਰਮਿਆਨ ਇੱਕ ਵਾਰੀ ਫਿਰ ਓਨਟਾਰੀਓ ਵਾਸੀਆਂ ਨੂੰ ਪਬਲਿਕ ਇੰਡੋਰ ਸੈਟਿੰਗਜ਼ ਵਿੱਚ ਮਾਸਕ ਲਾ ਕੇ ਰੱਖਣ ਦੀ ਅਪੀਲ ਕੀਤੀ ਗਈ ਹੈ। ਮਾਸਕ ਹਟਾਉਣ ਜਾਂ ਨਾ ਹਟਾਉਣ ਸਬੰਧੀ ਅਗਲੇ ਪਲੈਨ ਦਾ ਮੁਲਾਂਕਣ ਇਸ ਮਹੀਨੇ ਦੇ ਅੰਤ ਵਿੱਚ ਕੀਤਾ ਜਾਵੇਗਾ।

ਇਹ ਸੁਨੇਹਾ ਓਨਟਾਰੀਓ ਦੇ ਚੀਫ ਮੈਡੀਕਲ ਆਫੀਸਰ ਆਫ ਹੈਲਥ ਡਾ•ਕੀਰਨ ਮੂਰ ਵੱਲੋਂ ਦਿੱਤਾ ਗਿਆ। ਇੱਕ ਵਾਰੀ ਫਿਰ ਵਾਇਰਸ ਫੈਲਣ ਦੇ ਮਿਲ ਰਹੇ ਸੰਕੇਤਾਂ ਦੇ ਚੱਲਦਿਆਂ ਡਾ• ਮੂਰ ਨੇ ਇੱਕ ਮਹੀਨੇ ਦੇ ਅਰਸੇ ਵਿੱਚ ਪਹਿਲੀ ਵਾਰੀ ਜਨਤਕ ਤੌਰ ਉੱਤੇ ਇਹ ਜ਼ੋਰਦਾਰ ਸਿਫਾਰਿਸ਼ ਕੀਤੀ। ਉਨ੍ਹਾਂ ਪੀਸੀਆਰ ਟੈਸਟਿੰਗ ਤੇ ਕੋਵਿਡ-19 ਦੇ ਇਲਾਜ ਦਾ ਐਲਾਨ ਕਰਦਿਆਂ ਇਹ ਗੱਲ ਆਖੀ। ਕੁਈਨਜ਼ ਪਾਰਕ ਵਿਖੇ ਮੂਰ ਨੇ ਆਖਿਆ ਕਿ ਅਸੀਂ ਇਸ ਛੇਵੀਂ ਵੇਵ ਦੇ ਅਸਰ ਨੂੰ ਘਟਾਉਣ ਲਈ ਚੰਗੀ ਤਰ੍ਹਾਂ ਫਿੱਟ ਹੋਣ ਵਾਲੇ ਤਿੰਨ ਪੜਤਾਂ ਵਾਲੇ ਮਾਸਕ ਜਾਂ ਮੈਡੀਕਲ ਮਾਸਕ ਦੀ ਵਰਤੋਂ ਇੰਡੋਰ ਸੈਟਿੰਗਜ਼ ਵਿੱਚ ਕਰ ਸਕਦੇ ਹਾਂ।

ਕੋਵਿਡ-19 ਦੇ ਕੇਸਾਂ ਵਿੱਚ ਇੱਕ ਵਾਰੀ ਫਿਰ ਹੋ ਰਹੇ ਵਾਧੇ ਤੇ ਹਸਪਤਾਲਾਂ ਵਿੱਚ ਲੋਕਾਂ ਦੀ ਵੱਧ ਰਹੀ ਗਿਣਤੀ ਦੇ ਚੱਲਦਿਆਂ ਮੂਰ ਵੱਲੋਂ ਇਹ ਟਿੱਪਣੀਆਂ ਕੀਤੀਆਂ ਗਈਆਂ। ਪਿਛਲੇ ਹਫਤੇ, ਪ੍ਰੋਵਿੰਸ ਦੀ ਸਾਇੰਸ ਟੇਬਲ ਦੇ ਹੈੱਡ ਨੇ ਵੇਸਟਵਾਟਰ ਵਿਸ਼ਲੇਸ਼ਣ ਦੇ ਆਧਾਰ ਉੱਤੇ ਆਖਿਆ ਸੀ ਕਿ ਓਨਟਾਰੀਓ ਵਿੱਚ ਹਰ ਰੋਜ਼ 120,000 ਨਵੇਂ ਕੇਸ ਸਾਹਮਣੇ ਆ ਸਕਦੇ ਹਨ। ਪ੍ਰੋਵਿੰਸ਼ੀਅਲ ਸਰਕਾਰ ਨੇ 21 ਮਾਰਚ ਨੂੰ ਸਾਰੀਆਂ ਇੰਡੋਰ ਸੈਟਿੰਗਜ਼ ਵਿੱਚੋਂ ਵੀ ਮਾਸਕ ਸਬੰਧੀ ਨਿਯਮ ਖਤਮ ਕਰ ਦਿੱਤੇ ਸਨ। ਸਿਰਫ ਪਬਲਿਕ ਟਰਾਂਜ਼ਿਟ ਤੇ ਹਾਈ ਰਿਸਕ ਸੈਟਿੰਗਜ਼ ਵਿੱਚ ਹੀ ਮਾਸਕ ਪਾਉਣ ਦੀ ਸ਼ਰਤ ਰੱਖੀ ਗਈ ਸੀ। ਇਹ ਵੀ 27 ਅਪਰੈਲ ਨੂੰ ਖ਼ਤਮ ਹੋਣ ਜਾ ਰਹੀ ਸੀ ਪਰ ਮੂਰ ਨੇ ਹੁਣ ਇਹ ਆਖਿਆ ਹੈ ਕਿ ਉਹ ਸਥਿਤੀ ਦਾ ਤੇਜ਼ੀ ਨਾਲ ਮੁਲਾਂਕਣ ਕਰ ਰਹੇ ਹਨ ਤੇ ਮਾਸਕ ਪਾਉਣ ਦੀ ਲੋੜ ਫਿਰ ਮਹਿਸੂਸ ਕੀਤੀ ਜਾ ਰਹੀ ਹੈ।

## ਜੂਨ ਵਿੱਚ ਹੋਣ ਵਾਲੀਆਂ ਚੋਣਾਂ ਲਈ ਵੋਟਰਾਂ ਨੂੰ ਆਨਲਾਈਨ ਜਾਂ ਡਾਕ ਰਾਹੀਂ ਵੋਟ ਪਾਉਣ ਦੀ ਸਲਾਹ




ਓਨਟਾਰੀਓ, 11 ਅਪਰੈਲ (ਪੋਸਟ ਬਿਊਰੋ) : ਇਲੈਕਸ਼ਨ ਓਨਟਾਰੀਓ ਵੱਲੋਂ ਰੈਜ਼ੀਡੈਂਟਸ ਨੂੰ ਡਾਕ ਰਾਹੀਂ ਜਾਂ ਐਡਵਾਂਸ ਵਿੱਚ ਵੋਟਿੰਗ ਕਰਨ ਲਈ ਹੱਲਾਸ਼ੇਰੀ ਦਿੱਤੀ ਜਾ ਰਹੀ ਹੈ। ਇਲੈਕਸ਼ਨ ਓਨਟਾਰੀਓ ਨੂੰ ਉਮੀਦ ਹੈ ਕਿ ਇਸ ਨਾਲ ਕੋਵਿਡ-19 ਦਰਮਿਆਨ ਹੋਣ ਵਾਲੀਆਂ ਚੋਣਾਂ ਵਾਲੇ ਦਿਨ ਪੋਲਿੰਗ ਸਟੇਸ਼ਨਜ਼ ਵਿੱਚ ਹੋਣ ਵਾਲੀ ਭੀੜ ਤੋਂ ਥੋੜ੍ਹੀ ਨਿਜਾਤ ਮਿਲ ਸਕੇਗੀ। ਇਸ ਸਮੇਂ ਸਿਆਸੀ ਪਾਰਟੀਆਂ ਮਹਾਂਮਾਰੀ ਦਰਮਿਆਨ ਕੈਂਪੇਨ ਦੀਆਂ ਯੋਜਨਾਵਾਂ ਬਣਾ ਰਹੀਆਂ ਹਨ ਤੇ ਕੈਂਪੇਨ ਨਾਲ ਸਬੰਧਤ ਹੋਰ ਪ੍ਰਬੰਧ ਵੀ ਕੀਤੇ ਜਾ ਰਹੇ ਹਨ। ਪਰ ਓਨਟਾਰੀਓ ਦੀਆਂ ਚੋਣਾਂ ਦੀ ਨਿਗਰਾਨੀ ਕਰਨ ਵਾਲੀ ਸੰਸਥਾ ਨੂੰ ਇਹ ਚੋਣਾਂ ਮਹਾਂਮਾਰੀ ਦਰਮਿਆਨ ਹੋਣ ਦੀ ਹੀ ਉਮੀਦ ਸੀ। ਉਨ੍ਹਾਂ ਆਖਿਆ ਕਿ ਚੀਫ ਇਲੈਕਟੋਰਲ ਆਫੀਸਰ ਗ੍ਰੈਗ ਅਸੈੱਸਾ ਨੇ ਚੀਫ ਮੈਡੀਕਲ ਆਫੀਸਰ ਆਫ ਹੈਲਥ ਨੂੰ 2020 ਦੀਆਂ ਗਰਮੀਆਂ ਵਿੱਚ ਲਿਖਿਆ ਸੀ ਕਿ ਚੋਣਾਂ ਲਈ ਇੱਕ ਟਾਸਕ ਫੋਰਸ ਦਾ ਇੰਤਜ਼ਾਮ ਕੀਤਾ ਜਾਵੇ। ਦੋਵੇਂ ਆਫਿਸ ਉਦੋਂ ਤੋਂ ਨਿਯਮਿਤ ਤੌਰ ਉੱਤੇ ਮੀਟਿੰਗ ਕਰ ਰਹੇ ਹਨ।

ਇਲੈਕਸ਼ਨਜ਼ ਓਨਟਾਰੀਓ ਵੱਲੋਂ ਓਨਟਾਰੀਓ ਦੇ ਉੱਘੇ ਡਾਕਟਰ ਦੀ ਸਲਾਹ ਲਈ ਜਾ ਰਹੀ ਹੈ ਤੇ ਇਸ ਦੇ ਨਾਲ ਇਸ ਗੱਲ ਦਾ ਧਿਆਨ ਵੀ ਰੱਖਿਆ ਜਾ ਰਿਹਾ ਹੈ ਕਿ ਪਿਛਲੇ ਦੋ ਸਾਲਾਂ ਵਿੱਚ ਹੋਰਨਾਂ ਜਿਊਰਿਸਡਿਕਸ਼ਨਜ਼ ਵੱਲੋਂ ਇਹ ਚੋਣਾਂ ਕਿਸ ਤਰ੍ਹਾਂ ਕਰਵਾਈਆਂ ਗਈਆਂ ਹਨ। ਜਦੋਂ 2 ਜੂਨ ਨੂੰ ਵੋਟਰ ਵੋਟਾਂ ਪਾਉਣ ਆਉਣਗੇ ਤਾਂ ਉਨ੍ਹਾਂ ਨੂੰ ਫਿਜ਼ੀਕਲ ਡਿਸਟੈਂਸਿੰਗ, ਪਲੈਕਸੀਗਲਾਸ ਸਕਰੀਨਜ਼, ਹੈਂਡ ਸੈਨੇਟਾਈਜ਼ਰ ਤੇ ਮਾਸਕ ਆਦਿ ਮਿਲਣਗੇ। ਵੋਟਰਜ਼ ਨੂੰ ਮੂੰਹ ਢਕ ਕੇ ਆਉਣ ਦੀ ਲੋੜ ਨਹੀਂ ਹੋਵੇਗੀ ਪਰ ਜਿਹੜਾ ਅਜਿਹਾ ਕਰਨਾ ਚਾਹੁੰਦਾ ਹੈ ਉਹ ਅਜਿਹਾ ਕਰ ਸਕਦਾ ਹੈ।

## ਭੌਰਾ ਕੈਨੇਡੀਅਨ ਰੀਅਲ ਅਸਟੇਟ ਐਸੋਸਿਏਸ਼ਨ ਦੇ ਡਾਇਰੈਕਟਰ ਨਿਯੁਕਤ



ਬਰੈਂਪਟਨ, 11 ਅਪਰੈਲ (ਪੋਸਟ ਬਿਊਰੋ) : ਬਰੈਂਪਟਨ ਵਾਸੀ ਤੇ ਲੋਕਲ ਰੀਅਲ ਅਸਟੇਟ ਬ੍ਰੋਕਰ/ਓਨਰ ਗੁਰਚਰਨ ਗੈਰੀ ਭੌਰਾ ਨੂੰ ਕੈਨੇਡੀਅਨ ਰੀਅਲ ਅਸਟੇਟ ਐਸੋਸਿਏਸ਼ਨ ਬੋਰਡ ਦੇ ਡਾਇਰੈਕਟਰ ਵਜੋਂ ਨਿਯੁਕਤ ਕੀਤਾ ਗਿਆ ਹੈ।

ਟੋਰਾਂਟੋ ਰੀਜਨਲ ਰੀਅਲ ਅਸਟੇਟ ਬੋਰਡ ਦੇ ਸਾਬਕਾ ਪ੍ਰੈਜ਼ੀਡੈਂਟ ਵੱਲੋਂ ਹੁਣ ਦੇਸ਼ ਭਰ ਦੀ 150,000 ਰਿਐਲਟਰ ਕਮਿਊਨਿਟੀ ਨਾਲ ਆਪਣੇ ਹੁਨਰ ਨੂੰ ਸਾਂਝਾ ਕੀਤਾ ਜਾਵੇਗਾ। ਇੱਕ ਨਿਊਜ਼ ਰਲੀਜ਼ ਵਿੱਚ ਭੌਰਾ ਨੇ ਆਖਿਆ ਕਿ ਤੇਜ਼ੀ ਨਾਲ ਬਦਲ ਰਹੀ ਦੁਨੀਆ ਵਿੱਚ ਤਕਨਾਲੋਜੀ ਦਾ ਵੀ ਤੇਜ਼ੀ ਨਾਲ ਵਿਕਾਸ ਹੋ ਰਿਹਾ ਹੈ। ਅਜੋਕੇ ਸਮੇਂ ਵਿੱਚ ਇਹ ਬਹੁਤ ਜ਼ਰੂਰੀ ਹੈ ਕਿ ਰੀਐਲਟਰ ਬ੍ਰੈਂਡ ਫਰੰਟ ਤੇ ਕੇਂਦਰ ਵਿੱਚ ਰਹੇ। ਉਨ੍ਹਾਂ ਆਖਿਆ ਕਿ ਉਹ ਇੰਡਸਟਰੀ ਨੂੰ ਉਸ ਨਾਲੋਂ ਬਿਹਤਰ ਰੂਪ ਦੇਣਗੇ ਜਿਸ ਤਰ੍ਹਾਂ ਉਹ ਉਨ੍ਹਾਂ ਨੂੰ ਮਿਲੀ ਹੈ। ਬਰੈਂਪਟਨ ਦੇ ਇਸ ਬ੍ਰੋਕਰ/ਓਨਰ ਨੂੰ ਬੀਤੇ ਦਿਨੀਂ ਓਟਵਾ ਵਿੱਚ ਹੋਈ ਸਾਲਾਨਾ ਕਾਨਫਰੰਸ ਵਿੱਚ ਦੋ ਸਾਲ ਦੇ ਅਰਸੇ ਲਈ ਚੁਣਿਆ ਗਿਆ। ਭੌਰਾ ਪਿਛਲੇ 22 ਸਾਲਾਂ ਤੋਂ ਇੰਡਸਟਰੀ ਦੀ ਸੇਵਾ ਕਰ ਰਹੇ ਹਨ। ਬਰੈਂਪਟਨ ਵਿੱਚ ਉਨ੍ਹਾਂ ਕੋਲ 200 ਸੇਲਜ਼ਪਰਸਨਜ਼ ਹਨ ਤੇ ਗਲੋਬਲ ਪੱਧਰ ਉੱਤੇ ਉਹ 21ਵਾਂ ਦਰਜਾ ਰੱਖਦੇ ਹਨ ਜਦਕਿ ਕੈਨੇਡਾ ਵਿੱਚ ਉਹ 15ਵੇਂ ਪਾਏਦਾਨ ਉੱਤੇ ਹਨ। ਇਸ ਤੋਂ ਪਹਿਲਾਂ ਭੌਰਾ ਟੋਰਾਂਟੋ ਰੀਜਨਲ ਰੀਅਲ ਅਸਟੇਟ ਬੋਰਡ ਦੇ ਪ੍ਰੈਜ਼ੀਡੈਂਟ ਤੋਂ ਇਲਾਵਾ ਤਿੰਨ ਗੈਰ-ਮੁਨਾਫੇ ਵਾਲੇ ਬੋਰਡਜ਼ ਦੇ ਮੈਂਬਰ ਵੀ ਰਹਿ ਚੁੱਕੇ ਹਨ। ਉਹ ਕਈ ਕਮੇਟੀਆਂ ਦੇ ਚੇਅਰ ਵੀ ਰਹਿ ਚੁੱਕੇ ਹਨ।

NOW HIRING !!!
ALLKIND INSURANCE
•Life Insurance •Super Visa Insurance
•Critical illness Ins •Mortgage Insurance
•Travel & Visitor Ins •Disability Insurance
•RESP & TFSA & RRSP •Funeral Insurance
SIMRAN SAINI 416.994.7272
www.allkindinsurance.com

MOTEL FOR SALE ON HWY 7
IN THE MIDDLE OF TORONTO AND OTTAWA
$1,275,000
• Excellent Cash Flow And Low Vacancy Rate
• Low Operating Costs
• Many Recent Upgrades To Rooms
• New Security Camera System
• Plan Approved For Additional Unit
RAJ HANDA BROKER OF RECORD
DIR: 647-546-5228
OFF: 905-457-4588
SAVE MAX GLOBAL REALTY
RAJ@SAVEMAXGLOBALREALTY.COM

INSURANCE
Home, Auto, Business, Trucking, Life Insurance, Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

YES! Immigration
Yes we can...
Locations: Woodbridge, Mississauga, Scarborough
Celebrating 16 Years
16 ਸਾਲਾਂ ਤੋਂ ਤੋਹਾਡੀ ਸੇਵਾ ਵਿਚ
ਇੰਮਿਗਰੇਸ਼ਨ ਸੇਵਾਵਾਂ 10-20% Discount
iccrc Raj Narang, Ritu Narang
ਕੇਨੇਡਾ ਦੇ ਵੀਜ਼ਾ ਵਾਸਤੇ ਅਜੱ ਹੀ ਸੰਪਰਕ ਕਰੋ:
(416)740-6969
(647)616-1020

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL Insurance Advisor 416-724-5000

ROYAL STAR Realty Inc. Brokerage
Off: 905-793-1111 Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352) Manwinder Mangat Broker
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc. Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licensed Exterminator

Dubai Jewellers
10% additional discount on gold and upto 50% on diamond.
ਨਵੇਂ ਬਣੇ ਪਲਾਜ਼ਾ ਦੇ ਵਿਚ
Gift Prize with Every Purchase
* Repair at no extra cost
* Appraisal Certificate
* Buy, Sell, Trade
Tuesday to Sunday (12-8) (Monday Closed)
Raj & Gulshan Mob: 416-465-1200
2700 Northpark Drive Unit #19, Brampton Ontario L6S 0E9
North Park & Airport Major Intersection
www.dubaijewellers.ca
info@dubaijewellers.ca

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma Open Saturday
Providing excellent quality legal services to our clients

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types, Walkie pallet Low Lift, Electric Motor Narrow Aisle Reach, Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

KELLEY LAW OFFICE
Immigration, Real Estate, Family Law, Business Closing, Corporate, Wills & Estate, Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps •Cockroaches •Carpenter Ants •Silver Fish •Racoons
Call : PARESH PATEL
416 938 4598

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca




# Now Hiring

LIGHT SPEED Logistics Inc.

## Owner Operators

| | |
|---|---|
| US TEAM | $2.09 |
| US SINGLE | $1.94 |
| ONTARIO/QUEBEC TO MIDWEST | $2.24 |
| CANADIAN TEAM | $1.89 |
| CANADIAN SINGLE | $1.74 |
| (AB-BC) (BC-AB) | $2.29 |

## Company Drivers

| | |
|---|---|
| US TEAM | $0.86 |
| US SINGLE | $0.62 |
| CANADIAN TEAM | $0.66 |
| CANADIAN SINGLE | $0.50 |
| ON/QC TEAM TO MID-WEST | $0.96 |
| ON/QC SINGLE TO MID-WEST | $0.72 |
| (AB-BC) (BC-AB) TEAM | $0.81 |
| (AB-BC) (BC-AB) SINGLE | $0.65 |

* Conditions Apply

Call us or Drop in!

JAGGI DHILLON : 403-542-4258
GURBIR SARAN : 416-768-5441
1-800-397-6009 (Press Option 3)
122 Carmek Blvd, Rocky View AB T1X 1X1

safedrivers@lslinc.com www.lslinc.com

# EXCLUSIVE OFFER!

## GET A $15 IN-STORE CREDIT

*WITH NEW ACTIVATION ON A $25/MO DATA, TALK, & TEXT PLAN OR HIGHER



chatr™ AUTHORIZED DEALER

1 Promenade Circle | Thornhill, ON | 647-274-3808
2456 Lake Shore Blvd West | Etobicoke, ON | 416-259-3654
379 Main St. North | Brampton, ON | 905-451-0379

See in-store for details. Offer available March 6th - 31st, 2022 and subject to change without notice. *Only applicable with new activation on a $25/mo Data, Talk & Text plan or higher. In-store credit cannot be applied to top-ups, bill payments, SIM cards, vouchers or redeemed for cash and has no cash value. Visit chatrmobile.com/plans for more details. Taxes are extra and while quantities last. ™ Trademarks used under license ©2022

# ਪਾਕਿ ਪਾਰਲੀਮੈਂਟ ਵਿੱਚ ਸ਼ਾਹਬਾਜ਼ ਸ਼ਰੀਫ ਬਿਨਾਂ ਮੁਕਾਬਲੇ ਤੋਂ ਪ੍ਰਧਾਨ ਮੰਤਰੀ ਚੁਣੇ ਗਏ



ਇਸਲਾਮਾਬਾਦ, 11 ਅਪਰੈਲ, (ਪੋਸਟ ਬਿਊਰੋ)- ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਦੇ ਸਕੇ ਭਰਾ ਤੇ ਪਾਕਿ-ਸਤਾਨ ਮੁਸਲਿਮ ਲੀਗ-ਨਵਾਜ਼ (ਪੀਐੱਮਐੱਲ-ਐੱਨ) ਦੇ ਪ੍ਰਧਾਨ ਸ਼ਾਹਬਾਜ਼ ਸ਼ਰੀਫ ਨੂੰ ਸੋਮਵਾਰ ਕੌਮੀ ਅਸੈਂਬਲੀ ਵਿੱਚ ਬਿਨਾਂ ਮੁਕਾਬਲਾਦੇਸ਼ ਦਾ ਨਵਾਂ ਪ੍ਰਧਾਨ ਮੰਤਰੀ ਚੁਣਿਆ ਗਿਆ ਹੈ।ਓਦੋਂ ਪਹਿਲਾਂ ਵਿਰੋਧੀ ਉਮੀਦਵਾਰ ਪਾਕਿਸਤਾਨ ਤਹਿਰੀਕ-ਏ-ਇਨਸਾਫ (ਪੀਟੀਆਈ) ਪਾਰਟੀ ਦੇ ਸ਼ਾਹ ਮਹਿਮੂਦ ਕੁਰੈਸ਼ੀ ਨੇ ਆਪਣੀ ਪਾਰਟੀ ਦੇ ਸਾਰੇ ਪਾਰਲੀਮੈਂਟਾਂ ਮੈਂਬਰਾਂ ਦੇ ਅਸਤੀਫੇ ਦਾ ਐਲਾਨ ਕੀਤਾ ਅਤੇ ਚੋਣ ਦਾ ਬਾਈਕਾਟ ਕਰਕੇ ਸਦਨ ਤੋਂ ਵਾਕਆਊਟ ਕਰ ਗਏ।

ਸ਼ਾਹ ਮਹਿਮੂਦ ਕੁਰੈਸ਼ੀ ਦੇ ਬਾਈਕਾਟ ਦੇ ਐਲਾਨਪਿੱਛੋਂ ਪ੍ਰਧਾਨ ਮੰਤਰੀ ਅਹੁਦੇ ਲਈਸ਼ਾਹਬਾਜ਼ ਸ਼ਰੀਫਇਕੱਲੇ ਉਮੀਦਵਾਰ ਰਹਿ ਜਾਣ ਕਾਰਨ ਬਿਨਾਂ ਮੁਕਾਬਲਾ ਚੁਣੇ ਗਏ। ਕੁਰੈਸ਼ੀ ਨੇ ਵੋਟਿੰਗ ਦਾ ਬਾਈਕਾਟ ਅਚਾਨਕ ਨਹੀਂ ਕੀਤਾ। ਖਬਰ ਏਜੰਸੀ ਮੁਤਾਬਕ ਉਸ ਦੀ ਪਾਰਟੀ ਪੀਟੀਆਈ ਨੇ ਪਹਿਲਾਂ ਹੀ ਕਹਿ ਦਿੱਤਾ ਸੀ ਕਿ ਜੇ ਸ਼ਾਹਬਾਜ਼ ਸ਼ਰੀਫ ਪ੍ਰਧਾਨ ਮੰਤਰੀ ਚੁਣੇ ਗਏ ਤਾਂ ਉਨ੍ਹਾਂ ਦੇ ਸਾਰੇ ਮੈਂਬਰ ਕੌਮੀ ਅਸੈਂਬਲੀ ਤੋਂ ਅਸਤੀਫਾ ਦੇ ਦੇਣਗੇ।

ਦੂਸਰੇ ਪਾਸੇ ਨਵੇਂ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਨੇ ਐਲਾਨ ਕੀਤਾ ਕਿ ਪਾਰਲੀਮੈਂਟ ਦੀ ਸੁਰੱਖਿਆ ਕਮੇਟੀ ਦੇ ਨਾਲ ਫੌਜੀ ਕਮਾਂਡਰਾਂ, ਸਿਵਲ ਅਫਸਰਾਂ, ਖੁਫੀਆ ਏਜੰਸੀ ਆਈਐੱਸਆਈ ਦੇ ਮੁਖੀ, ਵਿਦੇਸ਼ ਸੈਕਟਰੀਅਤੇ ਰਾਜਦੂਤ ਦੀ ਹਾਜ਼ਰੀ ਵਿੱਚ ਧਮਕੀ ਪੱਤਰ ਬਾਰੇ ਦੱਸਿਆ ਜਾਵੇਗਾ ਕਿ ਕਿਸ ਨੇ ਲਿਖਿਆ ਸੀ। ਜੇ ਇਹ ਸਾਬਤ ਹੋ ਜਾਵੇ ਕਿ ਵਿਰੋਧੀ ਧਿਰ ਦੇ ਬੇਭਰੋਸਗੀ ਮਤੇ ਪਿੱਛੇ ਵਿਦੇਸ਼ੀ ਸਾਜ਼ਿਸ਼ ਸੀ ਤਾਂ ਉਹ ਅਹੁਦਾ ਛੱਡ ਦੇਣਗੇ। ਪ੍ਰਧਾਨ ਮੰਤਰੀ ਸ਼ਹਿਬਾਜ਼ ਸ਼ਰੀਫ ਨੇ ਕਿਹਾ, ਅੱਜ ਅੱਲ੍ਹਾ ਨੇ ਪਾਕਿ-ਸਤਾਨ ਤੇ ਦੇਸ਼ ਦੇ 22 ਕਰੋੜ ਲੋਕਾਂ ਦੀ ਰੱਖਿਆ ਕੀਤੀ ਹੈ।ਬੇਭਰੋਸਗੀ ਮਤੇ ਉੱਤੇ ਵੋਟਿੰਗ ਪਹਿਲੀ ਵਾਰ ਸਫਲ ਹੋਈ ਹੈ। ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਦੇ ਭਰਾ ਸ਼ਹਿਬਾਜ਼ਸ਼ਰੀਫਪੰਜਾਬ ਦੇ ਮੁੱਖ ਮੰਤਰੀ ਰਹਿ ਚੁੱਕੇ ਹਨ।ਪਾਰਲੀਮੈਂਟ ਵਿੱਚ ਵੋਟਿੰਗ ਮੌਕੇ ਨਵਾਜ਼ ਸ਼ਰੀਫ ਦੀ ਬੇਟੀ ਮਰੀਅਮ ਵੀ ਦਰਸ਼ਕ ਗੈਲਰੀ ਵਿੱਚ ਸੀ।

ਵੋਟਿੰਗ ਤੋਂ ਪਹਿਲਾਂ ਵਿਰੋਧੀ ਧਿਰ ਦੀ ਮੀਟਿੰਗ ਵਿੱਚਸਾਬਕਾ ਰਾਸ਼ਟਰਪਤੀ ਅਤੇ ਪਾਕਿਸਤਾਨ ਪੀਪਲਜ਼ ਪਾਰਟੀ (ਪੀਪੀਪੀ) ਦੇ ਕੋ-ਪ੍ਰਧਾਨ ਆਸਿਫ਼ ਅਲੀ ਜ਼ਰਦਾਰੀ ਨੇ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਸ਼ਹਿਬਾਜ਼ ਸ਼ਰੀਫਦਾ ਨਾਂ ਪੇਸ਼ ਕੀਤਾ। ਸ਼ਹਿਬਾਜ਼ ਸ਼ਰੀਫ ਨੇ ਪ੍ਰਧਾਨ ਮੰਤਰੀ ਚੋਣਪਿੱਛੋਂ ਕਿਹਾ ਕਿ ਪਾਕਿਸਤਾਨ ਵਿੱਚ ਪਹਿਲੀ ਵਾਰ ਬੇਭਰੋਸਗੀ ਦਾ ਵੋਟ ਪਿਆ ਅਤੇ ਪ੍ਰਧਾਨ ਮੰਤਰੀ ਕੁਰਸੀ ਗੁਆ ਬੈਠੇ ਹਨ। ਮੈਂ ਪਾਕਿਸਤਾਨ ਦੀ ਸੁਪਰੀਮ ਕੋਰਟ ਦਾ ਧੰਨਵਾਦ ਕਰਦਾ ਹਾਂ, ਉਸ ਨੇ ਕਾਨੂੰਨ ਨੂੰ ਕਾਇਮ ਰੱਖਿਆ ਹੈ ਅਤੇ ਸਖ਼ਤ ਸੰਦੇਸ਼ ਦਿੱਤਾ ਹੈ।

# ਮੋਦੀ-ਬਾਇਡਨ ਮੀਟਿੰਗ: ਨਰਿੰਦਰ ਮੋਦੀ ਨੇ ਪੂਤਿਨ-ਜ਼ੇਲੈਂਸਕੀ ਨਾਲ ਸਿੱਧੀ ਗੱਲ ਸ਼ੁਰੂ ਕਰਨ ਦੀ ਸਲਾਹ ਦਿੱਤੀ



ਨਵੀਂ ਦਿੱਲੀ, 11 ਅਪਰੈਲ, (ਪੋਸਟ ਬਿਊਰੋ)- ਭਾਰਤ ਦੇਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਸੋਮਵਾਰ ਨੂੰ ਅਮਰੀਕੀ ਰਾਸ਼ਟਰਪਤੀ ਜੋ ਬਾਇਡਨ ਨਾਲ ਗੱਲਬਾਤ ਕੀਤੀ।ਇਹ ਵਰਚੂਅਲ ਬੈਠਕ ਅਜਿਹੇ ਸਮੇਂ ਵਿੱਚ ਹੋਈ ਹੈ, ਜਦੋਂ ਰੂਸ ਅਤੇ ਯੂਕਰੇਨ ਵਿਚਾਲੇ ਭਿਆਨਕ ਜੰਗ ਚੱਲਦੀ ਹੋਣ ਤੋਂ ਇਲਾਵਾ ਪੂਰੀ ਵਿਸ਼ਵ ਵਿਵਸਥਾ ਤਬਦੀਲੀ ਵੱਲ ਵਧ ਰਹੀ ਹੈਅਤੇਇਸ ਵਿੱਚ ਡਿਪਲੋਮੇਟਿਕ ਪਹਿਲਕਦਮੀਆਂ ਦੀ ਲੋੜ ਵਧ ਗਈ ਹੈ।

ਨਿਊਜ਼ ਏਜੰਸੀ ਦੀ ਰਿਪੋਰਟ ਮੁਤਾਬਕ ਮੁਲਾਕਾਤ ਦੌਰਾਨ ਅਮਰੀਕੀ ਰਾਸ਼ਟਰਪਤੀ ਜੋ ਬਾਇਡਨ ਨੇ ਕਿਹਾ ਕਿ ਮੈਂ ਭਿਆਨਕ ਹਮਲੇ ਦਾ ਸ਼ਿਕਾਰ ਹੋਏ ਯੂਕਰੇਨ ਦੇ ਲੋਕਾਂ ਵਾਸਤੇ ਭਾਰਤ ਵੱਲੋਂਦਿੱਤੀ ਮਨੁੱਖੀ ਮਦਦ ਦਾ ਸੁਆਗਤ ਕਰਦਾ ਹਾਂ। ਦੂਸਰੇ ਪਾਸੇ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ 'ਦੁਨੀਆ ਦੇ ਦੋ ਸਭ ਤੋਂ ਵੱਡੇ ਤੇ ਸਭ ਤੋਂ ਪੁਰਾਣੇ ਲੋਕਤੰਤਰ ਹੋਣ ਦੇ ਨਾਤੇ ਅਸੀਂ ਤੇ ਅਮਰੀਕਾ ਕੁਦਰਤੀ ਸਾਥੀ ਹਾਂ। ਭਾਰਤ-ਅਮਰੀਕਾ ਸਬੰਧਾਂ ਵਿੱਚਇੱਕ ਦਹਾਕੇ ਵਿੱਚ ਜੋ ਨਵੀਂ ਗਤੀ ਪੈਦਾ ਹੋਈ ਹੈ, ਉਸ ਦੀ ਕਲਪਨਾ ਕਰਨਾ ਮੁਸ਼ਕਲ ਸੀ। ਜਦੋਂ ਮੈਂ ਪਿਛਲੇ ਸਤੰਬਰ ਵਿੱਚ ਅਮਰੀਕਾ ਦੌਰਾ ਕੀਤਾ ਤਾਂ ਬਾਇਡਨ ਨੇ ਕਿਹਾ ਸੀ ਕਿ ਭਾਰਤ ਅਤੇ ਅਮਰੀਕਾ ਦੀ ਦੋਸਤੀ ਕਈ ਗਲੋਬਲ ਸਮੱਸਿਆਵਾਂ ਦਾ ਹੱਲ ਲੱਭਣ ਵਿੱਚ ਮਦਦ ਕਰ ਸਕਦੀ ਹੈ। ਮੈਂ ਇਸ-ਬਾਰੇ ਰਾਸ਼ਟਰਪਤੀ ਜੋ ਬਾਇਡਨ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ।'

ਅੱਜ ਦੀ ਗੱਲਬਾਤ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਯੂਕਰੇਨ ਦੇ ਬੁੱਚਾ ਦਾ ਜ਼ਿਕਰ ਕਰਦਿਆਂ ਕਿਹਾ ਕਿ 'ਪਿੱਛੇ ਜਿਹੇ ਆਈ ਬੁੱਚਾ ਸ਼ਹਿਰ ਵਿੱਚ ਨਿਰਦੋਸ਼ ਲੋਕਾਂ ਦੇ ਕਤਲਾਂ ਦੀ ਦੁਖਦਾਈ ਖ਼ਬਰ ਬਹੁਤ ਚਿੰਤਾਜਨਕ ਸੀ। ਭਾਰਤ ਨੇ ਇਸ ਦੀ ਨਿੰਦਾ ਕੀਤੀ ਤੇ ਇਸ ਦੀ ਨਿਰਪੱਖ ਜਾਂਚ ਦੀ ਮੰਗ ਚੁੱਕੀ ਹੈ।' ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਸਾਨੂੰ ਆਸ ਹੈ ਕਿ ਰੂਸ-ਯੂਕਰੇਨਗੱਲਬਾਤ ਹੋਵੇ ਤਾਂਚੰਗੇ ਨਤੀਜੇ ਨਿਕਲ ਕੇ ਸ਼ਾਂਤੀ ਬਣੇਗੀ। ਉਨ੍ਹਾ ਨੇ ਯੂਕਰੇਨ ਸੰਕਟਮੌਕੇ ਭਾਰਤ ਵੱਲੋਂ ਕੀਤੀ ਪਹਿਲਦਾ ਜ਼ਿਕਰ ਕੀਤਾ ਤੇ ਕਿਹਾ, 'ਮੈਂ ਇਸ ਬਾਰੇ ਯੂਕਰੇਨ ਤੇ ਰੂਸ ਦੋਵਾਂ ਦੇ ਰਾਸ਼ਟਰਪਤੀਆਂ ਨਾਲ ਕਈ ਵਾਰ ਟੈਲੀਫੋਨ ਉੱਤੇ ਗੱਲਬਾਤ ਕੀਤੀ ਹੈ। ਮੈਂ ਨਾ ਸਿਰਫ਼ ਦੋਵਾਂ ਧਿਰਾਂ ਨੂੰ ਸ਼ਾਂਤੀ ਦੀ ਅਪੀਲ ਕੀਤੀ, ਸਗੋਂ ਰਾਸ਼ਟਰਪਤੀ ਪੂਤਿਨ ਨੂੰ ਯੂਕਰੇਨ ਦੇ ਰਾਸ਼ਟਰਪਤੀ ਜ਼ੇਲੈਂਸਕੀ ਨਾਲ ਸਿੱਧੀ ਗੱਲਬਾਤ ਦਾ ਸੁਝਾਅ ਵੀ ਦਿੱਤਾ ਅਤੇਪਿੱਛੇ ਜਿਹੇ ਭਾਰਤੀ ਪਾਰਲੀਮੈਂਟ ਵਿੱਚ ਵੀ ਯੂਕਰੇਨ ਦੇ ਮੁੱਦੇ ਉੱਤੇ ਸਾਰੀਆਂ ਪਾਰਟੀਆਂ ਨੇ ਕਾਫੀ ਵਿਸਥਾਰ ਨਾਲ ਚਰਚਾ ਕੀਤੀ ਹੈ।'

ਵਰਨਣ ਯੋਗ ਹੈ ਕਿ ਮੋਦੀ-ਬਾਇਡਨ ਵਿਚਾਲੇ ਇਹ ਮੁਲਾਕਾਤ ਅਜਿਹੇ ਸਮੇਂਹੋਈ ਹੈ, ਜਦੋਂ ਦੋਵਾਂ ਦੇਸ਼ਾਂ ਵਿਚਾਲੇ 'ਟੂ ਪਲੱਸ ਟੂ' ਵਾਲੀ ਮੰਤਰੀ ਪੱਧਰੀ ਗੱਲਬਾਤ ਚੱਲ ਰਹੀ ਹੈ।ਭਾਰਤ ਦੇ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਅਤੇ ਰੱਖਿਆ ਮੰਤਰੀ ਰਾਜਨਾਥ ਸਿੰਘ ਇਸ ਦੁਵੱਲੀ ਗੱਲਬਾਤ ਲਈ ਵਾਸ਼ਿੰਗਟਨ ਵਿੱਚ ਹਨ।

# ਲੀਡਰਸ਼ਿਪ ਡਿਬੇਟਸ ਲਈ ਕੰਜ਼ਰਵੇਟਿਵ ਪਾਰਟੀ ਨੇ ਐਲਾਨੀਆਂ ਤਰੀਕਾਂ

ਓਟਵਾ, 11 ਅਪਰੈਲ (ਪੋਸਟ ਬਿਊਰੋ) : ਕੰਜ਼ਰਵੇਟਿਵ ਪਾਰਟੀ ਦੇ ਲੀਡਰਸ਼ਿਪ ਉਮੀਦਵਾਰਾਂ ਦੀ ਪਹਿਲੀ ਡਿਬੇਟ 11 ਮਈ ਨੂੰ ਤੇ ਦੂਜੀ ਡਿਬੇਟ 25 ਮਈ ਨੂੰ ਹੋਵੇਗੀ। ਇਸ ਤੋਂ ਬਾਅਦ ਇੱਕ ਵਾਰੀ ਅਗਸਤ ਵਿੱਚ ਵੀ ਉਮੀਦਵਾਰਾਂ ਦਾ ਇੱਕ ਦੂਜੇ ਨਾਲ ਸਾਹਮਣਾ ਹੋ ਸਕਦਾ ਹੈ।



ਪਿਛਲੇ ਹਫਤੇ ਇਹ ਦੱਸਿਆ ਗਿਆ ਕਿ ਅੰਗਰੇਜ਼ੀ ਭਾਸ਼ਾ ਵਾਲੀ ਡਿਬੇਟ ਐਡਮੰਟਨ ਵਿੱਚ ਹੋਵੇਗੀ ਜਦਕਿ ਫਰੈਂਚ ਭਾਸ਼ਾ ਵਾਲੀ ਡਿਬੇਟ ਮਾਂਟਰੀਅਲ ਵਿੱਚ ਹੋਵੇਗੀ।ਦੋਵਾਂ ਦਾ ਸਮਾਂ ਰਾਤ ਦੇ 8:00 ਵਜੇ ਰਹੇਗਾ। ਪਾਰਟੀ ਦੀ ਲੀਡਰਸ਼ਿਪ ਇਲੈਕਸ਼ਨ ਆਰਗੇਨਾਈਜ਼ਿੰਗ ਕਮੇਟੀ (ਐਲਈਓਸੀ) ਨੇ ਆਪਣੇ ਮੈਮੋਰੰਡਮ ਵਿੱਚ ਆਖਿਆ ਕਿ ਉਨ੍ਹਾਂ ਵੱਲੋਂ ਤੀਜੀ ਡਿਬੇਟ ਅਗਸਤ ਦੇ ਸ਼ੁਰੂ ਵਿੱਚ ਕਰਵਾਉਣ ਦੇ ਅਧਿਕਾਰ ਰਾਖਵੇਂ ਰੱਖੇ ਜਾ ਰਹੇ ਹਨ।

ਹਰੇਕ ਡਿਬੇਟ ਤੋਂ ਇੱਕ ਹਫਤੇ ਪਹਿਲਾਂ ਉਮੀਦਵਾਰਾਂ ਨੂੰ ਟੌਪਿਕ ਮੁਹੱਈਆ ਕਰਵਾਏ ਜਾਣਗੇ।ਐਲਈਓਸੀ ਦੇ ਨਿਯਮਾਂ ਅਨੁਸਾਰ ਉਮੀਦਵਾਰਾਂ ਦਾ ਸਾਰੀਆਂ ਡਿਬੇਟਜ਼ ਵਿੱਚ ਹਿੱਸਾ ਲੈਣਾ ਲਾਜ਼ਮੀ ਹੈ।ਸੰਭਾਵੀ ਉਮੀਦਵਾਰਾਂ ਕੋਲ 19 ਅਪਰੈਲ ਤੱਕ ਆਪਣੀ ਦਾਅਵੇਦਾਰੀ ਐਲਾਨਣ ਦਾ ਸਮਾਂ ਹੈ। 3 ਜੂਨ ਤੱਕ ਉਮੀਦਵਾਰ ਮੈਂਬਰ ਬਣਾ ਸਕਦੇ ਹਨ ਤੇ ਪਾਰਟੀ ਵੱਲੋਂ 10 ਸਤੰਬਰ ਨੂੰ ਆਪਣਾ ਆਗੂ ਚੁਣਿਆ ਜਾਵੇਗਾ।



















## ਅੱਜ ਨਾਮਾ

ਬਾਹਲਾ ਚੰਗਾ ਪ੍ਰਬੰਧ ਨਹੀਂ ਹਿੰਦ ਅੰਦਰ,
ਰਹੀ ਹੈ ਚੌਕਸੀ ਵੱਲੋਂ ਫਿਰ ਕਮੀਂ ਬੇਲੀ।
ਟਰਾਲੀ ਫਸੀ ਆ ਅੱਧ-ਅਸਮਾਨ ਜਾ ਕੇ,
ਸਾਰੇ ਦੇਸ਼ ਵਿੱਚ ਫੈਲੀ ਪਈ ਗਮੀ ਬੇਲੀ।
ਡਿੱਠੀ ਰੱਸੇ ਨਾਲ ਉੱਤਰਦੀ ਜਦੋਂ ਬੱਚੀ,
ਅੱਖਾਂ ਅੰਦਰ ਸੀ ਲੋਕਾਂ ਦੀ ਨਮੀਂ ਬੇਲੀ।
ਓਦਾਂ ਟਾਹਰਾਂ ਹਾਂ ਮਾਰਦੇ ਬਹੁਤ ਰਹਿੰਦੇ,
ਦੁਨੀਆ ਠੁੱਸ ਸਾਰੀ, ਤਿੱਖੇ ਹਮੀਂ ਬੇਲੀ।
ਪਿਕਨਿਕ ਵਾਸਤੇ ਘਰੋਂ ਸੀ ਗਏ ਜਿਹੜੇ,
ਮੁਸ਼ਕਲ ਵਿੱਚ ਨੇ ਫਸੇ ਉਹ ਲੋਕ ਬੇਲੀ।
ਕਰਦੀ ਪੱਕੇ ਪ੍ਰਬੰਧ ਕੋਈ ਕੰਪਨੀ ਨਹੀਂ,
ਮੁਨਾਫਾ ਭਾਵੇਂ ਕਮਾਵੇ ਉਹ ਥੋਕ ਬੇਲੀ।

**ਤੀਸ ਮਾਰ ਖਾਂ**

# ਪੰਜਾਬ ਦੀਆਂ 16 ਕਿਸਾਨ ਜਥੇਬੰਦੀਆਂ ਨੇ ਸੰਯੁਕਤ ਸਮਾਜ ਮੋਰਚੇ ਤੋਂ ਵੱਖਰਾ ਮੰਚ ਬਣਾਇਆ

*** ਅਗਲੇ ਕੰਮਾਂ ਅਤੇ ਪ੍ਰੋਗਰਾਮਾਂ ਲਈ ਪੰਜ ਮੈਂਬਰੀ ਕਮੇਟੀ ਬਣਾਈ**

ਲੁਧਿਆਣਾ, 11 ਅਪਰੈਲ, (ਪੋਸਟ ਬਿਊਰੋ)- ਕੇਂਦਰ ਸਰਕਾਰ ਨਾਲ ਸੰਘਰਸ਼ ਵਾਸਤੇ ਬਣਾਏਸੰਯੁਕਤ ਕਿਸਾਨ ਮੋਰਚੇਦੀਆਂ ਪੰਜਾਬ ਦੀਆਂ 32 ਕਿਸਾਨ ਜਥੇਬੰਦੀਆਂ ਵਿੱਚੋਂ 16 ਦੀ ਮੀਟਿੰਗ ਅੱਜਏਥੇ ਕਿਸਾਨ ਆਗੂ ਮਨਜੀਤ ਸਿੰਘ ਰਾਏ ਦੀ ਪ੍ਰਧਾਨਗੀ ਹੇਠ ਹੋਈ ਅਤੇ ਸੰਯੁਕਤ ਕਿਸਾਨ ਮੋਰਚੇ ਦੇ ਏਕੇ ਲਈ ਦੂਸਰੇ ਸੂਬਿਆਂ ਦੀਆਂ ਕਿਸਾਨ ਜੱਥੇਬੰਦੀਆਂ ਨਾਲ ਤਾਲਮੇਲ ਤੇ ਏਕਤਾ ਵਿੱਚ ਅੜਿੱਕਾ ਬਣਦੇ ਸਵਾਲਾਂ ਦੇ ਹੱਲ ਵਾਸਤੇ ਜਗਮੋਹਨ ਸਿੰਘ, ਸਤਨਾਮ ਸਿੰਘ ਬਹਿਰੂ, ਮਨਜੀਤ ਸਿੰਘ ਰਾਏ, ਬਲਦੇਵ ਸਿੰਘ ਨਿਹਾਲਗੜ੍ਹ ਤੇ ਰਾਮਿੰਦਰ ਸਿੰਘ ਪਟਿਆਲਾਦੀ 5 ਮੈਂਬਰੀ ਕਮੇਟੀ ਬਣਾ ਦਿੱਤੀ ਗਈ।ਇਸ ਮੀਟਿੰਗ ਵਿੱਚ ਸੰਯੁਕਤ ਕਿਸਾਨ ਮੋਰਚਾ ਵੱਲੋਂ ਐੱਮਐੱਸਪੀ ਸਮੇਤ ਸਾਰੀਆਂ ਕਿਸਾਨ ਮੰਗਾਂ ਲਈ 11 ਤੋਂ 17 ਅਪ੍ਰੈਲ ਤੱਕ ਮਨਾਏ ਜਾ ਰਹੇ ਪ੍ਰਚਾਰ ਹਫਤੇ ਬਾਰੇ ਵੀ ਫੈਸਲਾ ਕੀਤਾ ਗਿਆ।

ਅੱਜ ਦੀ ਮੀਟਿੰਗ ਵਿੱਚ 9 ਕਿਸਾਨ ਜਥੇਬੰਦੀਆਂ ਦੀ ਅਪੀਲ ਦਾ ਹੁੰਗਾਰਾ ਭਰਦੇ ਹੋਏ ਕਿਸਾਨ ਲਹਿਰ ਅੱਗੇ ਪੇਸ਼ ਚੁਣੌਤੀਆਂ ਤੇ ਉਨਾਂ ਦੇ ਟਾਕਰੇ ਲਈ ਮਜ਼ਬੂਤ ਜਨਤਕ ਲਹਿਰ ਦੀ ਲੋੜ ਮੰਨਦੇ ਹੋਏ 16 ਕਿਸਾਨ ਜਥੇਬੰਦੀਆਂ ਨੇ ਸਰਬਸੰਮਤੀ ਨਾਲ ਫੈਸਲਾ ਕਰ ਕੇ ਸੰਯੁਕਤ ਸਮਾਜ ਮੋਰਚੇ ਤੋਂ ਵੱਖ ਹੋਣ ਦਾ ਐਲਾਨ ਕਰਦਿਆਂ ਆਪਣੇ-ਆਪ ਨੂੰ 'ਜਨਤਕ ਕਿਸਾਨ ਜਥੇਬੰਦੀ' ਵਜੋਂ ਚੱਲਣ ਦਾ ਪ੍ਰਣ ਕਰ ਕੇ ਸੰਯੁਕਤ ਕਿਸਾਨ ਮੋਰਚੇਤੇ ਕਿਸਾਨੀ ਸੰਘਰਸ਼ ਨੂੰ ਮਜ਼ਬੂਤ ਕਰਨ ਲਈ ਜ਼ੋਰਦਾਰ ਯਤਨ ਕਰਨ ਦਾ ਐਲਾਨ ਕੀਤਾ। ਮੀਟਿੰਗ ਵਿੱਚ ਖੇਤੀ ਮੋਟਰਾਂ ਨਾਲ ਆਮ ਤੌਰ ਉੱਤੇ ਬਿਜਲੀ ਕੱਟਾਂ ਤੇ



ਬਿਜਲੀ ਸਪਲਾਈ ਦੀ ਮਾੜੀ ਹਾਲਤ ਉੱਤੇ ਪੰਜਾਬ ਸਰਕਾਰ ਨੂੰ ਇਸ ਪਾਸੇ ਤੁਰੰਤ ਧਿਆਨ ਦੇ ਕੇ ਖੇਤੀ ਮੋਟਰਾਂ ਦੇ ਲਈ ਛੇ ਘੰਟੇ ਨਿਰਵਿਘਨ ਬਿਜਲੀ ਸਪਲਾਈ ਦੀ ਮੰਗ ਕੀਤੀ।ਸੰਸਾਰ ਬਾਜ਼ਾਰ ਵਿੱਚ ਕਣਕ ਮਹਿੰਗੀ ਹੋਣ ਕਾਰਨ ਕਿਸਾਨਾਂ ਨੂੰ ਕਣਕ ਦੀ ਵਾਜਬ ਕੀਮਤ ਦਿਵਾਉਣ ਲਈ ਕਿਸਾਨ ਜੱਥੇਬੰਦੀਆਂ ਨੇ ਕਣਕ ਦੀ ਘੱਟੋ-ਘੱਟ ਕੀਮਤ(ਐੱਮਐੱਸਪੀ) ਉੱਪਰ 1000 ਰੁਪਏ ਬੋਨਸ ਦੀ ਮੰਗ ਕੀਤੀ ਅਤੇ ਕਣਕ ਦੀ ਖਰੀਦ ਸਰਕਾਰੀ ਏਜੰਸੀਆਂ ਰਾਹੀਂ ਕਰਨ ਦੀ ਮੰਗ ਕੀਤੀ ਹੈ ਤਾਂ ਜੋ ਵਧਦੀ ਮਹਿੰਗਾਈ ਵੇਲੇਸਰਕਾਰ ਜਨਤਕ ਵੰਡ ਪ੍ਰਣਾਲੀ ਰਾਹੀਂ ਗਰੀਬਾਂ ਤੇ ਲੋੜਵੰਦਾਂ ਨੂੰ ਸਸਤਾ ਅਨਾਜ ਦੇ ਸਕੇ।

ਮੀਟਿੰਗ ਵਿੱਚਬੀ ਕੇ ਯੂ (ਕਾਦੀਆਂ) ਦੇ ਪ੍ਰਧਾਨ ਹਰਮੀਤ ਸਿੰਘ ਕਾਦੀਆਂ, ਬੀ ਕੇ ਯੂ(ਡਕੌਂਦਾ) ਦੇ ਬੂਟਾ ਸਿੰਘ ਬੁਰਜਗਿੱਲ, ਕਿਰਤੀ ਕਿਸਾਨ ਯੂਨੀਅਨ ਦੇ ਨਿਰਭੈ ਸਿੰਘ ਢੁੱਡੀਕੇ, ਇੰਡੀਅਨ ਫਾਰਮਰਜ਼ ਐਸੋਸੀਏਸ਼ਨ ਦੇ ਸਤਨਾਮ ਸਿੰਘ ਬਹਿਰੂ, ਜਮਹੂਰੀ ਕਿਸਾਨ ਸਭਾ ਦੇ ਸਤਨਾਮ ਸਿੰਘ ਅਜਨਾਲਾ, ਪੰਜਾਬ ਕਿਸਾਨ ਯੂਨੀਅਨ ਦੇ ਰੁਲਦੂ ਸਿੰਘ, ਕੁੱਲ ਹਿੰਦ ਕਿਸਾਨ ਸਭਾ ਦੇ ਬਲਦੇਵ ਸਿੰਘ ਨਿਹਾਲਗੜ੍ਹ, ਬੀ ਕੇ ਯੂ(ਪੰਜਾਬ) ਦੇ ਫੁਰਮਾਨ ਸਿੰਘ ਸੰਧੂ, ਬੀ ਕੇ ਯੂ(ਦੋਆਬਾ) ਦੇ ਸਤਨਾਮ ਸਿੰਘ ਸਾਹਨੀ, ਕਿਰਨਜੀਤ ਸਿੰਘ ਸੇਖੋਂ, ਦਵਿੰਦਰ ਸਿੰਘ, ਜੰਗਵੀਰ ਸਿੰਘ ਚੌਹਾਨ, ਬਲਵਿੰਦਰ ਸਿੰਘ ਰਾਜੂ ਔਲਖ, ਬੂਟਾ ਸਿੰਘ ਸ਼ਾਦੀਪੁਰ, ਮੁਕੇਸ਼ ਚੰਦਰ, ਕਿਸਾਨ ਬਚਾਓ ਮੋਰਚਾ ਦੇ ਕ੍ਰਿਪਾ ਸਿੰਘ, ਜਗਮੋਹਨ ਸਿੰਘ, ਰਾਮਿੰਦਰ ਸਿੰਘ ਪਟਿਆਲਾ ਆਦਿ ਸ਼ਾਮਲ ਸਨ।ਪ੍ਰੈਸ ਦੇ ਨਾਂ ਬਿਆਨ ਵਿੱਚ ਮਨਜੀਤ ਸਿੰਘ ਰਾਏ ਨੇ ਕਿਹਾ ਕਿ 9 ਜਥੇਬੰਦੀਆਂ ਪਹਿਲਾਂ ਵੱਖ-ਵੱਖ ਸਮੇਂ ਸੰਯੁਕਤ ਸਮਾਜ ਮੋਰਚੇ ਤੋਂ ਦੂਰੀ ਬਣਾ ਚੁੱਕੀਆਂ ਸਨ, ਅੱਜ 7 ਹੋਰ ਜਥੇਬੰਦੀਆਂ ਨੇ ਸੰਯੁਕਤ ਸਮਾਜ ਮੋਰਚੇ ਤੋਂ ਹਟ ਕੇ ਸੰਯੁਕਤ ਕਿਸਾਨ ਮੋਰਚਾ ਮਜਬੂਤ ਕਰਨ ਦਾ ਫੈਸਲਾ ਕੀਤਾ ਹੈ। ਉਨਾਂ ਬਾਕੀ ਕਿਸਾਨ ਆਗੂਆਂ ਨੂੰ ਵੀ ਸੰਯੁਕਤ ਸਮਾਜ ਮੋਰਚੇ ਨਾਲ ਰਹਿਣ ਦੇ ਆਪਣੇ ਫੈਸਲੇ ਨੂੰ ਮੁੜ-ਵਿਚਾਰਨ ਦੀ ਅਪੀਲ ਕੀਤੀ ਹੈ।

# ਕਾਂਗਰਸ ਪਾਰਟੀ ਸਖਤ ਹੋਣ ਲੱਗੀ: ਸਾਬਕਾ ਪ੍ਰਧਾਨ ਸੁਨੀਲ ਜਾਖੜ ਨੂੰ ਡਿਸਿਪਲਿਨ ਦਾ ਨੋਟਿਸ ਦੇ ਕੇ ਹਫ਼ਤੇ ਵਿੱਚ ਜਵਾਬ ਮੰਗਿਆ


ਚੰਡੀਗੜ੍ਹ, 11 ਅਪਰੈਲ, (ਪੋਸਟ ਬਿਊਰੋ)- ਕਾਂਗਰਸ ਹਾਈ ਕਮਾਨ ਨੇ ਅਨੁਸ਼ਾਸਨ ਬਾਰੇ ਸਖ਼ਤ ਰੁਖ ਧਾਰਨ ਕਰਦੇ ਹੋਏ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਸੁਨੀਲ ਕੁਮਾਰ ਜਾਖੜ ਨੂੰ ਕਾਰਨ ਦੱਸੋ ਨੋਟਿਸ ਭੇਜਿਆ ਹੈ। ਜਾਖੜ ਬਾਰੇ ਮਿਲੀਆਂ ਸ਼ਿਕਾਇਤਾਂ ਉੱਤੇ ਸੋਮਵਾਰ ਨੂੰ ਪਾਰਟੀ ਅਨੁਸ਼ਾਸਨ ਕਮੇਟੀ ਨੇ ਸੁਣਵਾਈ ਪਿੱਛੋਂ ਕਾਰਵਾਈ ਕੀਤੀ ਤੇ ਇਕ ਹਫਤੇ ਅੰਦਰ ਜਵਾਬ ਦੇਣ ਲਈ ਕਿਹਾ ਹੈ।ਉਸ ਤੋਂ ਬਾਅਦ ਹਾਈ ਕਮਾਨ ਉਨ੍ਹਾਂ ਬਾਰੇ ਫ਼ੈਸਲਾ ਲੈ ਸਕਦੀ ਹੈ।

ਜਾਣਕਾਰ ਸੂਤਰਾਂ ਅਨੁਸਾਰ ਚੋਣਾਂ ਦੌਰਾਨ ਤੇ ਉਸ ਤੋਂ ਪਹਿਲਾਂ ਸੁਨੀਲ ਜਾਖੜ ਵੱਲੋਂ ਕੀਤੇ ਸਾਰੇ ਟਵੀਟ ਤੇ ਉਨ੍ਹਾਂ ਵੱਲੋਂ ਪਾਰਟੀ ਜਾਂ ਪਾਰਟੀ ਆਗੂਆਂ ਖਿਲਾਫਦਿੱਤੇ ਬਿਆਨਾਂ ਦਾ ਰਿਕਾਰਡ ਇਕੱਠਾ ਕੀਤਾ ਗਿਆਹੈ। ਅਨੁਸ਼ਾਸਨ ਕਮੇਟੀ ਨੇ ਇਸ ਦੀ ਜਾਂਚ ਕਰਵਾਈ ਕਿ ਸ਼ਿਕਾਇਤਾਂ ਵਿੱਚ ਕਿੰਨੀ ਸੱਚਾਈ ਹੈ।

**ਧੀਮਾਨ ਕਹਿੰਦਾ: ਗਾਂਧੀ ਪਰਿਵਾਰ ਬੇੜਾ ਬੰਨੇ ਨਹੀਂ ਲਾ ਸਕਦਾ**

ਇਸ ਤੋਂ ਪਹਿਲਾਂ ਸਾਬਕਾ ਮੁੱਖ ਮੰਤਰੀ ਚਰਨਜੀਤ ਚੰਨੀ ਨੇ ਵੀ ਪਾਰਟੀ ਹਾਈ ਕਮਾਨ ਨੂੰ ਸ਼ਿਕਾਇਤ ਕੀਤੀ ਸੀ ਅਤੇ ਜਾਖੜ ਵਲੋਂ ਚਰਨਜੀਤ ਚੰਨੀ ਬਾਰੇ ਦਿੱਤੇ ਬਿਆਨ ਤੋਂ ਬਾਅਦ ਦਲਿਤ ਭਾਈਚਾਰੇ ਨੇ ਵੀ ਜਾਖੜ ਦਾ ਸਖ਼ਤ ਵਿਰੋਧ ਕੀਤਾ ਸੀ।

ਦੂਸਰੇ ਪਾਸੇ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਪੰਜਾਬ ਕਾਂਗਰਸ ਦਾ ਨਵਾਂ ਪ੍ਰਧਾਨ ਬਣਾਉਣ ਦਾ ਵਿਰੋਧ ਕਰਦੇ ਸਾਬਕਾ ਵਿਧਾਇਕ ਸੁਰਜੀਤ ਸਿੰਘ ਧੀਮਾਨ ਨੂੰ ਵੀ ਕਾਂਗਰਸ ਨੇ ਪਾਰਟੀ ਤੋਂ ਕੱਢ ਦਿੱਤਾ ਹੈ। ਸੁਰਜੀਤ ਸਿੰਘ ਧੀਮਾਨ ਨੇ ਕਿਹਾ ਸੀ ਕਿ ਰਾਜਾ ਵੜਿੰਗ ਮੌਕਾਪ੍ਰਸਤ ਅਤੇ ਭ੍ਰਿਸ਼ਟ ਆਗੂ ਹੈ ਅਤੇ ਇਸ ਦਾ ਨਾਮ ਡਰੱਗ ਕੇਸ ਵਿਚ ਪੈਸਿਆਂ ਦੇ ਲੈਣ-ਦੇਣ ਵਿਚ ਆਉਣ ਪਿੱਛੋਂ ਇਹ



ਬਾਦਲ ਪਰਿਵਾਰ ਸਾਹਮਣੇ ਝੁਕ ਗਿਆ ਸੀ।ਧੀਮਾਨ ਦੇ ਮੁਤਾਬਕ ਇਸ ਸਮੇਂ ਪੰਜਾਬ ਦੀ ਕਾਂਗਰਸ ਨੂੰ ਬਚਾਉਣ ਲਈ ਨਵਜੋਤ ਸਿੰਘਸਿੱਧੂ ਵਰਗੇ ਆਗੂ ਦੀ ਲੋੜ ਸੀ, ਜਿਸ ਨੇ ਬਿਨਾਂ ਕਿਸੇ ਸਵਾਰਥ ਸੇਵਾ ਕੀਤੀ ਹੈ, ਰਾਜਾ ਵੜਿੰਗ ਨੂੰ ਪੰਜਾਬ ਪ੍ਰਧਾਨ ਬਨਾਉਣ ਤੋਂ ਚੰਗਾ ਸੀ ਕਿ ਕਿਸੇ ਅਨਾੜੀ ਨੂੰ ਬਣਾ ਦਿੱਤਾ ਜਾਂਦਾ।

ਸਾਬਕਾ ਵਿਧਾਇਕ ਸੁਰਜੀਤ ਸਿੰਘ ਧੀਮਾਨ ਨੇ ਏਥੋਂ ਤੱਕ ਵੀ ਕਹਿ ਦਿੱਤਾ ਕਿ'ਜਦੋਂ ਤੱਕ ਕਾਂਗਰਸ ਦੀ ਕਮਾਨ ਗਾਂਧੀ ਪਰਿਵਾਰ ਦੇ ਹੱਥਾਂ ਵਿੱਚ ਹੈ, ਕਾਂਗਰਸ ਦਾ ਬੇੜਾ ਪਾਰ ਨਹੀਂ ਹੋਣਾ। ਜਦੋਂ ਤੱਕ ਕਾਂਗਰਸ ਇਸ ਪਰਿਵਾਰ ਤੋਂ ਮੁਕਤ ਨਾ ਹੋਈ, ਉਦੋਂ ਤੱਕ ਕੋਈ ਕਾਂਗਰਸ ਵਿੱਚ ਜਾਣ ਦੀ ਗਲਤੀ ਨਾ ਕਰੇ।' ਉਸ ਨੇ ਕਿਹਾ ਕਿ ਉਨ੍ਹਾਂ ਨੂੰ ਕਾਂਗਰਸ ਤੋਂਨਿਕਲ ਜਾਣ ਦਾ ਅਫਸੋਸ ਨਹੀਂ, ਉਹ ਖੁਸ਼ੀ ਦੇ ਲੱਡੂ ਵੰਡ ਰਹੇ ਹਨ।ਉਨ੍ਹਾਂ ਨੇ ਕਿਹਾ ਕਿ ਉਹ ਪੰਜਾਬ ਦੇ ਮੁੱਦੇ ਦੀ ਗੱਲ ਕਰਨ ਵਾਲੇ, ਪੰਜਾਬ ਦੇ ਨਾਲ ਖੜੇ ਹੋਣ, ਲੜਨ ਵਾਲੇ ਕਿਸੇ ਵੀ ਲੀਡਰ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜੋਣਗੇ, ਉਹ ਨਵਜੋਤ ਸਿੰਘ ਸਿੱਧੂ ਹੋਵੇ ਜਾਂ ਕੋਈ ਹੋਰ। ਧੀਮਾਨ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਸਿੱਧੂ ਦੇ ਕਰੀਬੀ ਮੰਨੇ ਜਾਂਦੇ ਹਨ।ਉਨ੍ਹਾ ਨੇ ਪੱਤਰਕਾਰਾਂ ਨੂੰ ਕਿਹਾ ਕਿ ਉਹ ਪਾਰਟੀ ਫ਼ੈਸਲੇ ਦਾ ਸਵਾਗਤ ਕਰਦੇ ਹਨ, ਪਰ ਪਾਰਟੀ ਨੇ ਫੈਸਲਾ ਕਾਫੀ ਦੇਰੀ ਨਾਲ ਲਿਆ ਹੈ, ਉਨ੍ਹਾਂ ਨੂੰ ਪਹਿਲਾਂ ਹੀ ਕੱਢ ਦੇਣਾ ਚਾਹੀਦਾ ਸੀ। ਉਨ੍ਹਾ ਕਿਹਾ ਕਿ ਜਿਸ ਪਾਰਟੀ ਵਿਚ ਕੋਈ ਸਿਸਟਮ ਨਾ ਹੋਵੇ, ਇਮਾਨਦਾਰ ਬੰਦੇ ਦੀ ਪੁੱਛ ਨਾ ਹੋਵੇ, ਉਸ ਵਿਚ ਰਹਿਣ ਦਾ ਕੋਈ ਫਾਇਦਾ ਨਹੀਂ।

# ਨੈਸ਼ਨਲ ਹੈਰਾਲਡ ਕੇਸ: ਸੀਨੀਅਰ ਕਾਂਗਰਸ ਨੇਤਾ ਮੱਲਿਕਾਰਜੁਨ ਖੜਗੇ ਤੋਂ ਈ ਡੀ ਵੱਲੋਂ ਪੁੱਛ-ਗਿੱਛ

ਨਵੀਂ ਦਿੱਲੀ, 11 ਅਪਰੈਲ, (ਪੋਸਟ ਬਿਊਰੋ)- ਕਾਂਗਰਸ ਪਾਰਟੀ ਦੇ ਅਖਬਾਰ ਨੈਸ਼ਨਲ ਹੈਰਾਲਡ ਨੂੰ ਅਲਾਟ ਕੀਤੇ ਗਏ ਪਲਾਟ ਵਾਲੇ ਕੇਸ ਵਿੱਚ ਭ੍ਰਿਸ਼ਟਾਚਾਰ ਦੇ ਦੋਸ਼ਾਂ ਹੇਠ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਅੱਜ ਪ੍ਰਮੁੱਖ ਕਾਂਗਰਸ ਨੇਤਾ ਮਲਿਕਾਰਜੁਨ ਖੜਗੇ ਨੂੰ ਤਲਬ ਕੀਤਾ ਅਤੇਪੁੱਛਗਿੱਛ ਕੀਤੀ ਹੈ।

ਨਿਊਜ਼ ਏਜੰਸੀ ਦੀ ਖਬਰ ਮੁਤਾਬਕਈ ਡੀ ਨੇ ਮਲਿਕਾਰਜੁਨ ਖੜਗੇ ਨੂੰ ਸੋਮਵਾਰ ਪੇਸ਼ ਹੋਣ ਲਈ ਸੰਮਨ ਜਾਰੀ ਕੀਤਾ ਸੀ।ਉਂਜ ਇਸ ਕੇਸਵਿੱਚ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਅਤੇ ਪਾਰਟੀ ਨੇਤਾ ਰਾਹੁਲ ਗਾਂਧੀ ਵੀ ਦੋਸ਼ੀ ਹਨ ਅਤੇ ਕੁਝ ਹੋਰ ਲੋਕਾਂ ਦੇ ਨਾਂਅ ਵੀ ਹਨ। ਭਾਜਪਾ ਆਗੂ ਸੁਬਰਾਮਨੀਅਮ ਸਵਾਮੀ ਨੇ 2012 ਵਿੱਚ ਅਦਾਲਤ ਵਿੱਚ ਕੇਸ ਦਾਇਰ ਕਰ ਕੇ ਦੋਸ਼ ਲਾਇਆ ਸੀ ਕਿ ਐਸੋਸੀਏਟਿਡ ਜਰਨਲਜ਼ ਲਿਮਟਿਡ (ਏ ਜੇ ਐੱਲ) ਵੱਲੋਂ ਕਾਂਗਰਸ ਦੇ ਅਖਬਾਰ ਨੈਸ਼ਨਲ ਹੈਰਾਲਡ ਲਈ ਮਿਲੇ ਪਲਾਟ ਦੀ ਕਮਾਈ ਵਿੱਚ ਕੁਝ ਪ੍ਰਮੁੱਖ ਕਾਂਗਰਸ ਆਗੂ ਸ਼ਾਮਲ ਸਨ।ਏ ਜੇ ਐੱਲ ਦੀ ਸਥਾਪਨਾ 20 ਨਵੰਬਰ 1937 ਨੂੰ ਵੱਖ-ਵੱਖ ਭਾਸ਼ਾਵਾਂ ਵਿੱਚ ਅਖਬਾਰਾਂ ਛਾਪਣ ਲਈ ਇੰਡੀਅਨ ਕੰਪਨੀਜ਼ ਐਕਟ-1913 ਤਹਿਤ ਇੱਕ ਪਬਲਿਕ ਲਿਮਟਿਡ ਕੰਪਨੀ ਵਜੋਂ ਹੋਈ ਸੀ।ਇਸ ਦੀਆਂ ਵਪਾਰਕ ਜਾਇਦਾਦਾਂ ਦੀ ਪ੍ਰਾਪਤੀ ਯੰਗ ਇੰਡੀਆ ਅਦਾਰਾ ਬਣਦੇ ਤਿੰਨ ਮਹੀਨਿਆਂ ਅੰਦਰ ਕਿਸੇ ਟੈਕਸ ਤੇ ਸਟੈਂਪ ਡਿਊਟੀ ਦਾ ਭੁਗਤਾਨ ਕੀਤੇ ਬਿਨਾਂ ਕੀਤੀ ਗਈ ਸੀ। 27 ਦਸੰਬਰ 2017 ਦੇ ਇੱਕ ਆਦੇਸ਼ ਵਿੱਚ ਆਮਦਨ ਟੈਕਸ ਵਿਭਾਗ ਨੇ ਇਸ ਨੂੰ ਧੋਖੇਬਾਜ਼ ਲੈਣ-ਦੇਣ ਕਹਿ ਕੇ ਗਾਂਧੀ ਪਰਿਵਾਰ ਨੂੰ ਇਸਵਿੱਚ414.40 ਕਰੋੜ ਰੁਪਏ ਦੇ ਲਾਭ ਹੋਣਦਾ ਦੋਸ਼ ਲਾ ਕੇ 249.15 ਕਰੋੜ ਰੁਪਏ ਦਾ ਟੈਕਸ ਭਰਨ ਦਾ ਹੁਕਮ ਦਿੱਤਾ ਸੀ। ਯੰਗ ਇੰਡੀਆ ਨੇ ਇਸ ਹੁਕਮ ਨੂੰ ਇਨਕਮ ਟੈਕਸ ਅਪੀਲੀ ਟ੍ਰਿਬਿਊਨਲ ਵਿੱਚ ਚੁਣੌਤੀ ਦਿੱਤੀ ਹੈ।

31 ਮਾਰਚ 2022 ਨੂੰ ਜਾਂਚ ਏਜੰਸੀ ਨੇ ਇਸਦੀ ਦੂਸਰੀ ਅਪੀਲ ਦਾ ਨਿਪਟਾਰਾ ਕਰ ਦਿੱਤਾ ਅਤੇਇਸ ਏਜੰਸੀ ਨੇ ਮੁਲਾਂਕਣ ਅਧਿਕਾਰੀ ਅਤੇ ਪਹਿਲੇ ਅਪੀਲੀ ਅਧਿਕਾਰੀ ਵੱਲੋਂ ਗਾਂਧੀ ਪਰਿਵਾਰ ਨੂੰ ਹੋਏ ਲਾਭ ਦੀ ਰਕਮ ਨੂੰ ਵਧਾ ਕੇ 395 ਕਰੋੜ ਰੁਪਏ ਕਰਨ ਦਾ ਫੈਸਲਾ ਕਾਇਮ ਰੱਖਿਆ। ਇਸ ਨਾਲ ਗਾਂਧੀ ਪਰਿਵਾਰ ਨੂੰ 17 ਕਰੋੜ ਰੁਪਏ ਕਾਟ ਦੇ ਰੂਪ ਵਿੱਚ ਕੁਝ ਰਾਹਤ ਮਿਲੀ ਹੈ। ਸੁਬਰਾਮਨੀਅਮ ਸਵਾਮੀ ਦੀ ਸ਼ਿਕਾਇਤ ਉੱਤੇਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਇਸ ਵਕਤ ਫਿਰ ਮਨੀ ਲਾਂਡਰਿੰਗ ਦੀਆਂ ਧਾਰਾਵਾਂ ਹੇਠ ਨੈਸ਼ਨਲ ਹੈਰਾਲਡ ਕੇਸ ਦੀ ਜਾਂਚ ਕਰ ਰਿਹਾ ਹੈ।

# ਲਖੀਮਪੁਰ ਖੀਰੀ ਹਿੰਸਾ: ਲਖੀਮਪੁਰ ਖੀਰੀ ਕਾਂਡ ਦੇ ਚਸ਼ਮਦੀਦ ਗਵਾਹ ਉੱਤੇ ਜਾਨਲੇਵਾ ਹਮਲਾ

ਰਾਮਪੁਰ, 11 ਅਪਰੈਲ, (ਪੋਸਟ ਬਿਊਰੋ)- ਪਿਛਲੇ ਸਾਲ 3 ਅਕਤੂਬਰ ਨੂੰ ਉੱਤਰ ਪ੍ਰਦੇਸ਼ ਦੇ ਲਖੀਮਪੁਰ ਖੀਰੀ ਵਿੱਚ ਹੋਈ ਹਿੰਸਾ ਦੇ ਚਸ਼ਮਦੀਦ ਗਵਾਹ ਉੱਤੇ ਜਾਨ-ਲੇਵਾ ਹਮਲਾ ਕੀਤਾ ਗਿਆ ਅਤੇ ਦੋਸ਼ ਹੈ ਕਿ ਇੱਕ ਭਾਜਪਾ ਨੇਤਾ ਸਣੇ ਪੰਜ ਲੋਕਾਂ ਨੇ ਇਸ ਗਵਾਹ ਉੱਤੇ ਪਿਸਤੌਲ ਦੀ ਬੱਟ ਨਾਲ ਹਮਲਾ ਕਰ ਕੇ ਗਵਾਹੀ ਦੇਣ ਉੱਤੇ ਜਾਨੋਂ ਮਾਰਨ ਦੀ ਧਮਕੀ ਦਿੱਤੀ ਹੈ।ਕਾਫੀ ਜੱਦੋ-ਜਹਿਦ ਪਿੱਛੋਂਪੁਲਿਸ ਨੇ ਕੇਸ ਦਰਜ ਕਰ ਲਿਆ ਹੈ। ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਪ੍ਰਸ਼ਾਂਤ ਭੂਸ਼ਣ ਨੇ ਇਸ ਬਾਰੇ ਟਵੀਟ ਕੀਤਾ ਹੈ ਅਤੇਮੁੱਦਾ ਇੰਟਰਨੈੱਟ ਮੀਡੀਆ ਉੱਤੇ ਵਾਇਰਲ ਹੋ ਰਿਹਾ ਹੈ।

ਵਰਨਣ ਯੋਗ ਹੈ ਕਿ ਪਿਛਲੇ ਸਾਲ ਤਿੰਨ ਅਕਤੂਬਰ ਨੂੰ ਲਖੀਮਪੁਰ ਖੀਰੀ ਵਿੱਚ ਦੰਗੇ ਵਿੱਚ ਚਾਰ ਕਿਸਾਨਾਂ ਸਮੇਤ ਅੱਠ ਲੋਕਾਂ ਦੀ ਮੌਤ ਹੋ ਗਈ ਸੀ, ਜਿਸ ਦਾ ਮੁੱਖ ਕਾਰਨ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੇ ਮਿਸ਼ਰਾ ਦੇ ਪੁੱਤਰ ਆਸ਼ੀਸ਼ ਕੁਮਾਰ ਵੱਲੋਂ ਜੀਪ ਨਾਲ ਕਿਸਾਨਾਂ ਨੂੰ ਕੁਚਲ ਦੇਣਾ ਸੀ। ਇਸ ਕੇਸ ਦੇ ਚਸ਼ਮਦੀਦ ਗਵਾਹ ਹਰਦੀਪ ਸਿੰਘ ਨੇ ਅੱਜ ਪੁਲਿਸ ਨੂੰ ਦੱਸਿਆ ਕਿ ਉਹ ਐਤਵਾਰ ਸ਼ਾਮ ਸੱਤ ਵਜੇ ਆਪਣੇ ਸਾਥੀ ਸਤਿੰਦਰ ਸਿੰਘ ਤੇ ਜਗਜੀਤ ਸਿੰਘ ਨਾਲ ਪਿੰਡ ਨਵਾਬਗੰਜ ਦੇ ਗੁਰਦੁਆਰੇ ਤੋਂ ਘਰ ਪਰਤ ਰਹੇ ਸਨ। ਰਸਤੇ ਵਿੱਚ ਭਾਜਪਾ ਨੇਤਾ ਮੇਹਰ ਸਿੰਘ ਦਿਓਲ, ਸਿਰਵਜੀਤ ਸਿੰਘ ਘੁੰਮਣ ਤੇ ਤਿੰਨ ਹੋਰ ਲੋਕਾਂ ਨੇ ਉਨ੍ਹਾਂ ਨੂੰ ਰੋਕ ਲਿਆ ਤੇ ਲਖੀਮਪੁਰ ਖੀਰੀ ਕਾਂਡ ਵਿੱਚ ਗਵਾਹੀ ਨਾ ਦੇਣ ਦਾ ਦਬਾਅ ਬਣਾਉਣ ਲੱਗੇ। ਵਿਰੋਧ ਕਰਨ ਉੱਤੇ ਉਨ੍ਹਾਂ ਨਾਲ ਕੁੱਟਮਾਰ ਕੀਤੀ ਗਈ ਤੇ ਭਾਜਪਾ ਨੇਤਾ ਨੇ ਪਿਸਤੌਲ ਤਾਣ ਕੇ ਗਵਾਹੀ ਦੇਣ ਉੱਤੇ ਜਾਨੋਂ ਮਾਰਨ ਦੀ ਧਮਕੀ ਦਿੱਤੀ ਅਤੇ ਪਿਸਤੌਲ ਦੇ ਬੱਟ ਨਾਲ ਵਾਰ ਕਰ ਕੇ ਅੱਖ ਜ਼ਖ਼ਮੀ ਕਰਨ ਦੀ ਕੋਸ਼ਿਸ਼ ਕੀਤੀ। ਦੋਸ਼ ਹੈ ਕਿ ਉਨ੍ਹਾਂ ਦੇ ਜ਼ਖ਼ਮੀ ਹਾਲਤ ਵਿੱਚਥਾਣੇ ਪੁੱਜਣ ਉੱਤੇ ਪੁਲਿਸ ਨੇ ਸ਼ਿਕਾਇਤ ਲੈ ਲਈ, ਪਰ ਕਾਰਵਾਈਤੋਂ ਬਚਦੀ ਰਹੀ ਸੀ।ਮੁੱਦਾ ਇੰਟਰਨੈੱਟ ਮੀਡੀਆ ਉੱਤੇ ਵਾਇਰਲ ਹੋਣ ਅਤੇ ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਪ੍ਰਸ਼ਾਂਤ ਭੂਸ਼ਣ ਵੱਲੋਂ ਟਵੀਟ ਕਰਨ ਉੱਤੇ ਪੁਲਿਸ ਨੇ ਰਿਪੋਰਟ ਦਰਜ ਕੀਤੀ। ਥਾਣਾ ਮੁਖੀ ਤੇਜਵੀਰ ਸਿੰਘ ਦਾ ਕਹਿਣਾ ਹੈ ਕਿ ਦੋਵਾਂ ਧਿਰਾਂ ਦੀ ਬਾਈਕ ਟਕਰਾਉਣ ਦੇ ਵਿਵਾਦ ਤੋਂ ਕੁੱਟਮਾਰ ਹੋਈ ਸੀ, ਰਿਪੋਰਟ ਦਰਜ ਕਰ ਕੇ ਜਾਂਚ ਕੀਤੀ ਜਾ ਰਹੀ ਹੈ।

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
CHEEMA
LOWEST PRICE IN TOWN
Call Rick or Manminder Cheema: 416.749.9596 /416.951.6431
Towing Service Car Paint Starts $799*upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by up to 50%
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

NEED A LAWYER ??
Red Seal NOTARY
KAUR LAW OFFICE
MANJEET KAUR
LL.B., (London UK)
Barrister, Solicitor & Notary Public
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
• Skilled Worker Category
• Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

Grand Upholstery Ltd
Sofa Company Originality in Every Piece
Special on Sale
● ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
● ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
● ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜ਼ਾਇਨ ਅਤੇ ਰੰਗ ਚੁਣ ਸਕਦੇ ਹੋ।
● ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋਂ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 williams Pkway unit #45, Brampton, ON L6S 5T4 Email: grandupholsery@gmail.com

# ਕੈਂਬਰਿਜ ਗੁਰੂ ਘਰ ਵਿਖੇ ਅੰਮ੍ਰਿਤ ਸੰਚਾਰ 17 ਅਪ੍ਰੈਲ ਨੂੰ



ਖ਼ਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਕੈਬਰਿਜ ਵਿਖੇ 17 ਅਪ੍ਰੈਲ ਨੂੰ ਅੰਮ੍ਰਿਤ ਸੰਚਾਰ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਗੁਰਦੁਆਰਾ ਸਾਹਿਬ ਦੇ ਹੈਡ ਗ੍ਰੰਥੀ ਭਾਈ ਜੈਦੀਪ ਸਿੰਘ ਫਗਵਾੜਾ ਨੇ ਦੱਸਿਆ ਕਿ ਪੂਰੀ ਦੁਨੀਆ ਵਿੱਚ ਖ਼ਾਲਸਾ ਸਾਜਨਾ ਦਿਵਸ ਨੂੰ ਸ਼ਰਧਾ ਪਿਆਰ ਨਾਲ ਮਨਾਇਆ ਜਾਂਦਾ ਹੈ। ਕੈਬਰਿਜ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵਲੋਂ ਸੰਗਤਾਂ ਦੇ ਸਹਿਯੋਗ ਨਾਲ ਵਿਸ਼ੇਸ਼ ਸਮਾਗਮ ਉਲੀਕੇ ਗਏ ਹਨ। ਗੁਰਦੁਆਰਾ ਸਾਹਿਬ ਵਿਖੇ ਪਹਿਲੀ ਵਾਰ ਅੰਮ੍ਰਿਤ ਸੰਚਾਰ ਉਲੀਕਿਆ ਗਿਆ ਹੈ ਜਿਸ ਸਬੰਧੀ ਸੰਗਤਾਂ ਨੂੰ ਖੰਡੇ ਬਾਟੇ ਦੀ ਪਹੁਲ ਪ੍ਰਾਪਤ ਕਰਨ ਦੀ ਪ੍ਰੇਰਨਾ ਦਿੱਤੀ ਜਾ ਰਹੀ ਹੈ।

15 ਅਪ੍ਰੈਲ ਨੂੰ ਗੁਰੂ ਘਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਅਰੰਭ ਹੋਣਗੇ, ਜਿਨ੍ਹਾਂ ਦੇ ਭੋਗ 17 ਅਪ੍ਰੈਲ ਨੂੰ ਪਾਏ ਜਾਣਗੇ। 17 ਅਪ੍ਰੈਲ ਨੂੰ ਹੀ ਸਵੇਰੇ 9 ਵਜੇ ਨਿਸ਼ਾਨ ਸਾਹਿਬ ਦੇ ਚੋਲੇ ਇਸ਼ਨਾਨ ਦੀ ਸੇਵਾ ਹੋਵੇਗੀ। 11 ਵਜੇ ਤੋਂ 2 ਵਜੇ ਤੱਕ ਦੀਵਾਨ ਸਜਾਏ ਜਾਣਗੇ, ਜਿਨ੍ਹਾਂ ਵਿੱਚ ਢਾਡੀ ਰਾਮ ਸਿੰਘ ਸ਼ਾਨੇ ਪੰਜਾਬ, ਭਾਈ ਜੈਦੀਪ ਸਿੰਘ ਫਗਵਾੜਾ, ਹੈਡ ਗ੍ਰੰਥੀ, ਭਾਈ ਗੁਰਪ੍ਰੀਤ ਸਿੰਘ ਹਜ਼ੂਰੀ ਰਾਗੀ ਤੋਂ ਇਲਾਵਾ ਨੌਜਵਾਨ ਬੱਚੇ ਬੱਚੀਆਂ ਵਲੋਂ ਕਵਿਤਾ, ਲੈਕਚਰ, ਕੀਰਤਨ ਰਾਹੀਂ ਹਾਜ਼ਰੀ ਭਰੀ ਜਾਵੇਗੀ। ਇਨ੍ਹਾਂ ਸਮਾਗਮਾਂ ਸਬੰਧੀ ਕਿਚਨਰ, ਗੁਅਲਫ, ਹਮਿਲਟਨ ਗੁਰਦੁਆਰਾ ਸਾਹਿਬ ਦੀਆਂ ਪ੍ਰਬੰਧਕ ਕਮੇਟੀਆਂ ਨਾਲ ਵੀ ਰਾਬਤਾ ਕਾਇਮ ਕੀਤਾ ਗਿਆ ਹੈ, ਤਾਂ ਜੋ ਵੱਧ ਤੋਂ ਵੱਧ ਸੰਗਤਾਂ ਨੂੰ ਗੁਰੂ ਸਾਹਿਬ ਜੀ ਦੇ ਲੜ ਲਾਇਆ ਜਾ ਸਕੇ। ਇਸ ਸਮੇਂ ਡਾਇਰੈਕਟਰ ਕਸ਼ਮੀਰ ਸਿੰਘ, ਰਾਜਪਾਲ ਸਿੰਘ, ਮਹਾਂ ਸਿੰਘ, ਜਗਦੀਪ ਸਿੰਘ, ਹਾਜ਼ਿਰ ਸਨ, ਉਨ੍ਹਾਂ ਨੇ ਸੰਗਤਾਂ ਨੂੰ ਪਰਿਵਾਰਾਂ ਸਮੇਤ ਹਾਜ਼ਰੀ ਭਰਨ ਦੀ ਬੇਨਤੀ ਕੀਤੀ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Gyan Singh, |
| **Office Admin** | Sajandeep Singh |
| **Graphic Designer** | Angrez Singh |
| **Photographer** | Kanwaljit Singh Kanwal |
| **Distributer Marketing:** | Aman Warraich **Sajandeep Singh** |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਆਈ ਪੀ ਐਲ ਮੈਚ ਉੱਤੇ ਸੱਟੇਬਾਜ਼ੀ ’ਚ ਬੁਕੀ ਜੌਲੀ ਸਮੇਤ ਛੇ ਕਾਬੂ

ਜਲੰਧਰ, 11 ਅਪ੍ਰੈਲ (ਪੋਸਟ ਬਿਊਰੋ)- ਗੋਲਡਨ ਐਵੇਨਿਊ ਵਿੱਚ ਬੀਤੀ ਰਾਤ ਸੀ ਆਈ ਏ ਸਟਾਫ ਦੀ ਟੀਮ ਨੇ ਛਾਪਾ ਮਾਰ ਕੇ ਬੁਕੀ ਜੌਲੀ ਅਤੇ ਉਸ ਦੇ ਪੰਜ ਸਾਥੀ ਫੜੇ ਹਨ। ਜੌਲੀ ਇੱਕ ਗੈਂਗ ਦੇ ਨਾਲ ਮਿਲ ਕੇ ਆਈ ਪੀ ਐਲ ਮੈਚ ਉੱਤੇ ਸੱਟੇਬਾਜ਼ੀ ਕਰ ਰਿਹਾ ਸੀ। ਪੁਲਸ ਨੇ ਇੱਕ ਅਟੈਚੀ ਬਰਾਮਦ ਕੀਤਾ ਹੈ, ਜਿਸ ਵਿੱਚ 38 ਮੋਬਾਈਲਾਂ ਦੀ ਲਾਈਨ ਜੋੜੀ ਗਈ ਸੀ। ਤਿੰਨ ਐਲ ਸੀ ਡੀ ਜ਼ਬਤ ਕੀਤੀਆਂ ਹਨ। ਇਨ੍ਹਾਂ ਉੱਤੇ ਬੁਕੀ ਮੈਚ ਦੇਖ ਰਹੇ ਸਨ। ਜੌਲੀ ਨੇ ਸੱਟੇਬਾਜ਼ੀ ਦੇ ਲਈ ਅਬੋਹਰ ਤੋਂ ਤਿੰਨ ਬੁਕੀ ਬੁਲਾਏ ਹੋਏ ਸਨ। ਦੇਰ ਰਾਤ ਤਕ ਫਰੈਂਡਸ ਕਾਲੋਨੀ ਦੇ ਰਾਜੀਵ ਅਰੋੜਾ ਉਰਫ ਜੌਲੀ, ਅਲੀ ਮੁਹੱਲੇ ਦੀ ਤੇਲ ਵਾਲੀ ਗਲੀ ਦੇ ਵਿਨੀਤ ਖੰਨਾ, ਮਧੁਬਨ ਕਾਲੋਨੀ ਦੇ ਵਿਜੈ ਕੁਮਾਰ, ਅਬੋਹਰ ਦੇ ਸੁਨੀਲ ਕੁਮਾਰ, ਅਮਿਤ ਕੁਮਾਰ ਅਤੇ ਸੁਮਿਤ ਕੁਮਾਰ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ।

ਪੁਲਸ ਨੂੰ ਸੂਚਨਾ ਮਿਲੀ ਸੀ ਕਿ ਗੋਲਡਨ ਐਵੇਨਿਊ ਵਿੱਚ ਕਿਰਾਏ ਦੀ ਕੋਠੀ ਵਿੱਚ ਬੁਕੀ ਜੌਲੀ ਸੱਟੇਬਾਜ਼ੀ ਕਰ ਰਿਹਾ ਹੈ। ਸੀ ਆਈ ਏ ਟੀਮ ਨੇ ਰਾਤ ਕਰੀਬ ਨੌਂ ਵਜੇ ਗੋਲਡਨ ਐਵੇਨਿਊ ਸਥਿਤ ਕੋਠੀ ਦੀ ਘੇਰਾਬੰਦੀ ਕੀਤੀ,ਪੁਲਸ ਨੂੰ ਦੇਖ ਕੇ ਜੌਲੀ ਬੁਕੀ ਨੇ ਦੌੜਨ ਦੀ ਕੋਸ਼ਿਸ਼ ਕੀਤੀ, ਪਰ ਉਹ ਭੱਜ ਨਾ ਸਕਿਆ। ਪੁਲਸ ਨੇ ਜੌਲੀ ਅਤੇ ਉਸ ਦੇ ਪੰਜ ਸਾਥੀ ਫੜ ਕੇ ਪ੍ਰਸਨਲ ਮੋਬਾਈਲ ਫੋਨ ਬਰਾਮਦ ਕੀਤੇ ਹਨ ਅਤੇ ਸੱਟੇਬਾਜ਼ੀ ਵਿੱਚ ਵਰਤੇ 38 ਮੋਬਾਈਲ ਫੋਨਾਂ ਦੀ ਰਿਕਾਰਡਿੰਗ ਦੀ ਜਾਂਚ ਕਰ ਰਹੀ ਹੈ, ਤਾਂ ਕਿ ਪਤਾ ਲੱਗ ਸਕੇ ਕਿ ਕਿੰਨੇ ਲੋਕ ਆਈ ਪੀ ਐਲ ਮੈਚ ਉੱਤੇ ਸੱਟੇਬਾਜ਼ੀ ਕਰਦੇ ਸਨ।

ਜ਼ਰੂਰ ਜਾਣੋ; ਗਿਆਨ ਗੰਗਾ

|| ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ||




- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? ‘ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ

Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM

Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM
TV-nri 7:30am- 8:30am,TV-nri 8:30pm- 9:30pm

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com

647-739-4641
346-714-0224


ਜਰੂਰੀ ਬੇਨਤੀ

ਪਿੰਡ ਸੂਸਾਂ ਜਿਲ੍ਹਾ ਹੁਸ਼ਿਆਰਪੁਰ ਅਤੇ ਸਮੂਹ ਇਲਾਕਾ ਦੀਆਂ ਸਾਧ ਸੰਗਤਾਂ ਵਲੋਂ

ਬਾਬਾ ਜਵਾਹਰ ਦਾਸ ਜੀ ਦੇ ਸਾਲਾਨਾ ਜੋੜ ਮੇਲੇ ਦੀ ਖੁਸ਼ੀ ਵਿੱਚ

ਭਾਰੀ ਸਮਾਗਮ

ਗੁਰੂ ਪਿਆਰੀ ਸਾਧ ਸੰਗਤ ਜੀ ਪਿੰਡ ਸੂਸਾਂ ਜਿਲ੍ਹਾ ਹੁਸ਼ਿਆਰਪੁਰ ਅਤੇ ਸਮੂਹ ਇਲਾਕਾ ਨਿਵਾਸੀ ਸਾਧ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਬਾਬਾ ਜਵਾਹਰ ਦਾਸ ਜੀ ਦੇ ਸਾਲਾਨਾ ਜੋੜ ਮੇਲੇ ਦੀ ਖੁਸ਼ੀ ਵਿੱਚ ਡਿਕਸੀ ਰੋਡ ਗੁਰਦੁਆਰਾ ਸਾਹਿਬ ਵਿਖੇ 13 ਮਈ ਦਿਨ ਸ਼ੁੱਕਰਵਾਰ ਨੂੰ ਅਖੰਡ ਪਾਠ ਸਾਹਿਬ ਸਵੇਰੇ 10 ਵਜੇ ਆਰੰਭ ਹੋਣ ਜਾ ਰਹੇ ਹਨ। ਇਨ੍ਹਾਂ ਦੇ ਭੋਗ 15 ਮਈ ਦਿਨ ਐਤਵਾਰ ਨੂੰ ਸਵੇਰੇ 10 ਵਜੇ ਪੈਣਗੇ। ਇਸ ਉਪਰੰਤ ਕੀਰਤਨੀ ਜੱਥੇ ਸੰਗਤਾਂ ਨੂੰ ਗੁਰਬਾਣੀ ਦੇ ਮਨੋਹਰ ਕੀਰਤਨ ਦਵਾਰਾ ਨਿਹਾਲ ਕਰਨਗੇ। ਬੇਨਤੀ ਹੈ ਕਿ ਇਸ ਸਮੇਂ ਹੁੰਮ ਹੁੰਮਾ ਕੇ ਦਰਸ਼ਨ ਦਿਓ ਜੀ। ਵਧੇਰੇ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ’ਤੇ ਸੰਪਰਕ ਕੀਤਾ ਜਾ ਸਕਦਾ ਹੈ।



ਧਰਮਿੰਦਰ ਸਿੰਘ ਸੂਸਾਂ: 416-879-6824 ,ਪਰਮਜੀਤ ਸਿੰਘ ਸੂਚ: 416-873-7508
ਸਰਬਜੀਤ ਸਿੰਘ ਸੂਚ: 416-357-7667, ਗੁਰਮੇਲ ਸਿੰਘ ਸੂਚ : 905-814-0756

# ਖੁਸ਼ੀ ਮਨੁੱਖ ਦਾ ਸਰੀਰਕ, ਮਾਨਸਿਕ ਅਤੇ ਮਨੋਵਿਗਿਆਨਕ ਵਿਕਾਸ ਕਰਦੀ



-ਵਿਜੈ ਗਰਗ-

ਖੁਸ਼ੀਆਂ ਕੀ ਹਨ, ਕੀ ਉਹ ਆਸਾਨੀ ਨਾਲ ਉਪਲਬਧ ਹਨ? ਤੁਹਾਡੀ ਖੁਸ਼ੀ ਦਾ ਪੱਧਰ ਕੀ ਹੈ ਅਤੇ ਤੁਸੀਂ ਕਿਸ ਨੂੰ ਖੁਸ਼ ਮੰਨਦੇ ਹੋ? ਸੋਚਣ 'ਤੇ ਲੱਗਦਾ ਹੈ ਕਿ ਹਾਸ-ਰਸ ਦਾ ਸੁਆਦ ਚੱਖ ਕੇ ਜੀਵਨ ਨੂੰ ਹਲਕਾ-ਫੁਲਕਾ ਲੱਗਦਾ ਹੈ। ਕਿਸੇ ਦੀ ਅੰਦਰਲੀ ਕਮਜ਼ੋਰੀ ਜਾਂ ਗਲਤੀ ਨੂੰ ਮੂਰਖਤਾ ਸਮਝ ਕੇ ਅਸੀਂ ਹਾਸੇ ਨਾਲ ਹੱਸਦੇ ਹਾਂ, ਖੁਸ਼ ਹੋ ਜਾਂਦੇ ਹਾਂ। ਅਸੀਂ ਸਭਿਅਤਾ ਦੇ ਵਿਕਾਸ ਨਾਲ ਹੀ ਇਹ ਹਾਸਾ-ਮਜ਼ਾਕ ਕਰਦੇ ਆ ਰਹੇ ਹਾਂ। ਪਰ ਪਿਛਲੇ ਡੇਢ ਦਹਾਕੇ ਵਿੱਚ ਅਸੀਂ ਮਹਿਸੂਸ ਕੀਤਾ ਹੈ ਕਿ ਇਹ ਹਾਸੇ, ਹਾਸੇ, ਖੁਸ਼ੀਆਂ ਦਿਨੋ-ਦਿਨ ਕਮਜ਼ੋਰ ਹੋ ਕੇ ਚਾਰਦੀਵਾਰੀ ਤੱਕ ਸੀਮਤ ਹੋ ਗਈਆਂ ਹਨ। ਪੜਤਾਲ ਤੋਂ ਪਤਾ ਚੱਲਦਾ ਹੈ ਕਿ ਅੱਜ ਅਸੀਂ ਜਿਸ ਮੂਰਖਤਾ 'ਤੇ ਹੱਸ ਰਹੇ ਹਾਂ, ਕਿਸੇ ਹੋਰ ਸਮੇਂ ਮਜ਼ਬੂਰੀ ਜਾਂ ਸੁਆਰਥ ਕਾਰਨ ਅਸੀਂ ਵੀ ਉਹੀ ਮੂਰਖਤਾ ਦੁਹਰਾ ਰਹੇ ਹਾਂ।

ਵੈਸੇ ਵੀ ਸਾਡਾ ਹਾਸਾ ਤੇ ਖੁਸ਼ੀ ਹਰ ਚੀਜ਼ ਵਾਂਗ ਖੁੱਲ੍ਹੇ ਜਹਾਜ਼ ਤੋਂ ਛਾਲ ਮਾਰ ਕੇ ਸਜਾਵਟੀ ਚੀਜ਼ ਬਣ ਗਈ ਹੈ। ਅਸੀਂ ਸੱਚਮੁੱਚ ਆਪਣੇ ਸੱਚੇ ਹਾਸੇ ਤੋਂ ਬਹੁਤ ਦੂਰ ਹੋ ਗਏ ਹਾਂ ਕਿ ਸਮੂਹਿਕ ਲਾਫਿੰਗ ਕਲੱਬ ਲਾਈਮਲਾਈਟ ਵਿੱਚ ਆ ਗਏ ਹਨ। ਜੇਕਰ ਸਾਨੂੰ ਸਿਰਫ਼ ਹੱਸਣ ਵਰਗੇ ਸਧਾਰਨ ਕੰਮ ਲਈ ਸੰਘਰਸ਼ ਕਰਨਾ ਪੈਂਦਾ ਹੈ, ਤਾਂ ਸਾਨੂੰ ਆਪਣੀ ਸਮਝ 'ਤੇ ਮੁੜ ਵਿਚਾਰ ਕਰਨਾ ਪਵੇਗਾ। ਹਾਸਾ ਮਨੁੱਖ ਦੇ ਸਰੀਰਕ, ਮਾਨਸਿਕ ਅਤੇ ਮਨੋਵਿਗਿਆਨਕ ਵਿਕਾਸ ਦੀ ਅਹਿਮ ਕੜੀ ਰਿਹਾ ਹੈ ਅਤੇ ਇਸ ਦਾ ਵਿਕਾਸ ਮਨੁੱਖੀ ਇਤਿਹਾਸ ਨਾਲ ਹੀ ਜੁੜਿਆ ਹੋਇਆ ਹੈ। ਸਮੇਂ, ਸਮਾਜ ਅਤੇ ਹਾਲਾਤ ਦੇ ਬਦਲਣ ਨਾਲ ਹੱਸਣ ਅਤੇ ਖੁਸ਼ ਰਹਿਣ ਦੀ ਦਸ਼ਾ ਅਤੇ ਦਿਸ਼ਾ ਵੀ ਬਦਲ ਗਈ ਹੈ। ਜਾਂ ਤਾਂ ਗਲੀ-ਮੁਹੱਲੇ ਵਾਲੀ ਗੱਲ ਨੂੰ ਹਾਸਾ-ਮਜ਼ਾਕ ਮਿਲ ਗਿਆ ਹੈ, ਜਾਂ ਦੋ ਵਿਅਕਤੀਆਂ ਵਿਚਕਾਰ ਮੂੰਹ-ਜ਼ੁਬਾਨੀ ਮਜ਼ਾਕ ਹੈ, ਜੋ ਯਕੀਨਨ ਤੀਜੇ ਦੀ ਮਜਬੂਰੀ 'ਤੇ ਆਧਾਰਿਤ ਹੈ।

ਸਾਡੇ ਇਲਾਕੇ ਦੀ ਇੱਕ ਲੋਕ ਕਥਾ ਹੈ ਕਿ ਗੁਆਂਢ ਵਿੱਚ ਇੱਕ ਸੇਠ ਅਤੇ ਇੱਕ ਦਿਹਾੜੀਦਾਰ ਮਜ਼ਦੂਰ ਰਹਿੰਦੇ ਸਨ। ਦਿਹਾੜੀਦਾਰ ਪਰਿਵਾਰ ਹਮੇਸ਼ਾ ਖੁਸ਼ਹਾਲ ਰਹਿੰਦਾ ਸੀ, ਜਦੋਂ ਕਿ ਸੇਠ ਪਰਿਵਾਰ ਹਮੇਸ਼ਾ ਤਣਾਅ, ਭੀੜ-ਭੜੱਕੇ ਨਾਲ ਗ੍ਰਸਤ ਰਹਿੰਦਾ ਸੀ। ਇੱਕ ਦਿਨ ਸੇਠ ਨੇ ਨੱਬੇ ਰੁਪਏ ਦਾ ਬੰਡਲ ਬੰਨ੍ਹ ਕੇ ਮਜ਼ਦੂਰ ਦੇ ਅਹਾਤੇ ਵਿੱਚ ਸੁੱਟ ਦਿੱਤਾ। ਬੱਸ ਫਿਰ ਕੀ ਸੀ, ਮਜਦੂਰ ਦਾ ਪਰਿਵਾਰ ਵੀ ਨੱਬੇ ਸੌ ਰੁਪਏ ਬਣਾਉਣ ਵਿਚ ਜੁਟ ਗਿਆ ਅਤੇ ਕੁਝ ਦਿਨਾਂ ਬਾਅਦ ਸੇਠਾਂ, ਭੱਜ-ਦੌੜ ਵਰਗਾ ਤਣਾਅ ਪੈਦਾ ਹੋ ਗਿਆ। ਹਾਸਾ ਪੂਰੀ ਤਰ੍ਹਾਂ ਗਾਇਬ ਸੀ। ਇਹ ਨਿਆਣੇ ਦੌਰ ਹੀ ਹੈ ਜੋ ਸਾਨੂੰ ਨਕਲੀ ਹਾਸੇ ਨਾਲ ਹੱਸ ਰਿਹਾ ਹੈ।

ਖੁਸ਼ੀ ਦੇ ਮਨੋਵਿਗਿਆਨ ਵਿੱਚ ਜਾਣ ਤੋਂ ਪਹਿਲਾਂ ਇਹ ਸਮਝ ਲਵੋ ਕਿ ਇਸ ਸੰਸਾਰ ਵਿੱਚ ਅਸੀਂ ਜੋ ਵੀ ਕੰਮ ਕਰਦੇ ਹਾਂ, ਉਸਦੇ ਪਿੱਛੇ ਇੱਕ ਹੀ ਇੱਛਾ ਹੁੰਦੀ ਹੈ, ਖੁਸ਼ੀ! ਅਸੀਂ ਕਿੰਨੇ ਖੁਸ਼ ਰਹਿੰਦੇ ਹਾਂ ਇਹ ਵੱਖਰੀ ਗੱਲ ਹੈ। ਗੁਆਂਢੀ ਦੀ ਨਵੀਂ ਕਾਰ ਤੋਂ ਸਾਡੀ ਖੁਸ਼ੀ ਖਤਮ ਹੋ ਜਾਂਦੀ ਹੈ। ਹਰ ਚੀਜ਼ ਨੂੰ ਤੱਕੜੀ 'ਤੇ ਤੋਲਣ ਦੀ ਆਦਤ 'ਚ ਖੁਸ਼ੀ ਵੀ ਸ਼ਾਮਲ ਹੈ। ਮੈਨੂੰ ਨਹੀਂ ਪਤਾ ਕਿ ਇਹ ਕਦੋਂ ਉੱਪਰ ਜਾਂ ਹੇਠਾਂ ਜਾਵੇਗਾ। ਸੰਤੁਲਨ ਵਿੱਚ, ਇਹ ਬਹੁਤ ਘੱਟ ਹੀ ਨੇੜੇ ਰਹਿੰਦਾ ਹੈ।

ਕੱਲ੍ਹ ਦੀ ਖੁਸ਼ੀ ਦੀ ਭਾਲ ਵਿੱਚ, ਅੱਜ ਦਾ ਹਰ ਪਲ ਹੁੰਦਾ ਰਿਹਾ। ਜ਼ਿੰਦਗੀ ਦੇ ਸਫ਼ਰ ਵਿੱਚ ਸੁੱਖ ਲੱਭਦੇ ਰਹੇ ਤੇ ਜ਼ਿੰਦਗੀ ਸਭ ਬਣ ਗਈ। ਸਕੂਲ ਜਾਣ ਵਾਲੇ ਬੱਚੇ ਨੂੰ ਪੁੱਛੋ ਕਿ ਉਹ ਕਦੋਂ ਖੁਸ਼ ਹੋਵੇਗਾ, ਉਹ ਕਹਿੰਦਾ ਹੈ, ਜਦੋਂ ਮੈਂ ਭਰਾ ਜਿੰਨਾ ਵੱਡਾ ਹੋਵਾਂਗਾ। ਉਸਨੂੰ ਇੰਨਾ ਵੱਡਾ ਬੈਗ ਚੁੱਕਣ ਦੀ ਲੋੜ ਨਹੀਂ ਹੈ, ਬੱਸ ਇੱਕ ਕਾਪੀ ਲੈ ਕੇ ਤੁਰਨਾ ਹੈ। ਜਦੋਂ ਉਹ ਕਾਲਜ ਆਉਂਦਾ ਤਾਂ ਪੁੱਛਦਾ, ਹੁਣ ਖੁਸ਼ ਹੋ? ਉਹੀ ਬੱਚਾ ਕਹਿੰਦਾ, ਕਿੱਥੇ, ਅਜੇ ਤੱਕ ਸਹੀ ਕਾਲਜ ਨਹੀਂ ਮਿਲਿਆ। ਫਿਰ ਕਹਿੰਦਾ, ਬੱਸ ਚੰਗੇ ਨੰਬਰਾਂ ਨਾਲ ਪਾਸ ਹੋ ਜਾ, ਜੇ ਕਿਤੇ ਮੈਂ ਸਿਲੈਕਟ ਹੋ ਗਿਆ ਤਾਂ ਮੈਨੂੰ ਖੁਸ਼ੀ ਹੋਵੇਗੀ।

ਚਲੋ, ਚੰਗੇ ਅੰਕ ਪ੍ਰਾਪਤ ਕੀਤੇ, ਮਲਟੀਨੈਸ਼ਨਲ ਵਿੱਚ ਚੁਣੇ ਗਏ, ਕੀ ਤੁਸੀਂ ਹੁਣ ਖੁਸ਼ ਹੋ? ਹੁਣ ਕਿੱਥੇ, ਬੱਸ ਇੱਕ ਕਾਰ, ਇੱਕ ਬੰਗਲਾ ਅਤੇ ਜੋ ਵੀ ਸੁਪਨੇ ਵਿੱਚ ਆਵੇਗਾ, ਮੈਂ ਖੁਸ਼ ਹੋਵਾਂਗਾ. ਚਲੋ, ਇਹ ਸਭ ਖਤਮ ਹੋ ਗਿਆ ਹੈ. ਕੀ ਤੁਸੀਂ ਹੁਣ ਖੁਸ਼ ਹੋ? ਹੁਣ ਕਿੱਥੇ! ਜੇ ਤੁਸੀਂ ਸਿਰਫ਼ ਦੋ ਨਿੱਕੇ-ਨਿੱਕੇ, ਇੱਕ-ਦੋ ਤਰੱਕੀਆਂ, ਵਿਦੇਸ਼ ਦੌਰੇ, ਤਾਂ ਮੈਨੂੰ ਖੁਸ਼ੀ ਹੋਵੇਗੀ। ਚਲੋ, ਇਹ ਸਭ ਵੀ ਲਿਆ. ਕੀ ਤੁਸੀਂ ਹੁਣ ਖੁਸ਼ ਹੋ? ਨਹੀਂ, ਹੁਣ ਕਿੱਥੇ? ਇਨ੍ਹਾਂ ਦੋ ਬੱਚਿਆਂ ਨੂੰ ਪੜ੍ਹਾਈ ਸ਼ੁਰੂ ਕਰ ਦੇਣੀ ਚਾਹੀਦੀ ਹੈ... ਉਨ੍ਹਾਂ ਨੂੰ ਨੌਕਰੀਆਂ ਮਿਲਣੀਆਂ ਚਾਹੀਦੀਆਂ ਹਨ... ਉਹ ਵਿਆਹ ਕਰਵਾ ਲੈਣ, ਸੈਟਲ ਹੋ ਜਾਣ। ਚਲੋ, ਇਹ ਸਭ ਹੋ ਗਿਆ, ਕੀ ਤੁਸੀਂ ਹੁਣ ਖੁਸ਼ ਹੋ? ਹੁਣ ਕਿੱਥੇ, ਇੰਨੀਆਂ ਬਿਮਾਰੀਆਂ... ਕੁੱਲ ਮਿਲਾ ਕੇ ਜ਼ਿੰਦਗੀ ਖੁਸ਼ੀਆਂ ਦੀ ਭਾਲ ਵਿਚ ਲੰਘ ਜਾਂਦੀ ਹੈ, ਪਰ ਖੁਸ਼ੀ ਨਹੀਂ ਮਿਲਦੀ।

ਜੇ ਹੋਰ ਕੁਝ ਨਹੀਂ, ਤਾਂ ਸਾਨੂੰ ਚੀਜ਼ਾਂ ਵਿਚ ਖੁਸ਼ੀ ਮਿਲਦੀ ਹੈ. ਨਵਾਂ ਮੋਬਾਈਲ, ਕਾਰ ਅਤੇ ਬੰਗਲਾ ਖਰੀਦਣ ਦੀ ਖੁਸ਼ੀ, ਪਰ ਕਦੋਂ ਤੱਕ? ਫਿਰ ਅਸੀਂ ਲੋਕਾਂ ਵਿੱਚ ਖੁਸ਼ੀ ਲੱਭਦੇ ਹਾਂ। ਨਵੇਂ ਮੁੰਡੇ-ਕੁੜੀਆਂ ਇੱਕ ਦੂਜੇ ਤੋਂ ਬਿਨਾਂ ਨਾ ਰਹਿਣ ਦੀ ਸਹੁੰ ਖਾਂਦੇ ਹਨ, ਚੰਨ-ਤਾਰੇ ਟੁੱਟਣ ਦੀ ਗੱਲ ਕਰਦੇ ਹਨ, ਫਿਰ ਇਹ ਕਹਿਣ ਵਿੱਚ ਦੇਰ ਨਹੀਂ ਲਗਦੀ ਕਿ ਮੇਰਾ ਰਿਸ਼ਤਾ ਟੁੱਟ ਗਿਆ ਹੈ। ਸਾਰੀਆਂ ਖੁਸ਼ੀਆਂ ਕਿੱਥੇ ਗਈਆਂ? ਕਈ ਵਾਰ ਸਾਨੂੰ ਹਾਲਾਤਾਂ ਵਿਚ ਖੁਸ਼ੀ ਮਿਲਦੀ ਹੈ। ਜੇਕਰ ਤੁਸੀਂ ਕਸ਼ਮੀਰ, ਮਨਾਲੀ, ਪੈਰਿਸ, ਸਵਿਟਜ਼ਰਲੈਂਡ ਜਾਓ ਤਾਂ ਤੁਹਾਨੂੰ ਖੁਸ਼ੀ ਹੋਵੇਗੀ। ਪਰ ਖੁਸ਼ੀ ਉਥੇ ਵੀ ਨਹੀਂ ਮਿਲਦੀ। ਉਧਾਰ ਲੈਣ ਦੀ ਖੁਸ਼ੀ ਹੀ ਉਧਾਰ ਹੈ।

# ਆਪਣੀਆਂ ਕਮੀਆਂ ਲੱਭੋ

ਮਾਂ ਦੇ ਗਰਭ ਵਿੱਚੋਂ ਪੈਦਾ ਹੋਇਆ ਮਨੁੱਖ ਪਹਿਲਾਂ ਬਿਲਕੁੱਲ ਬੇਸਮਝ ਹੁੰਦਾ ਹੈ। ਜਿਵੇਂ ਜਿਵੇਂ ਮਨੁੱਖ ਦਾ ਸਰੀਰਕ ਵਿਕਾਸ ਹੁੰਦਾ ਹੈ ਤਿਵੇਂ ਤਿਵੇਂ ਉਸਦੀ ਬੁੱਧੀ ਦਾ ਵਿਕਾਸ ਹੁੰਦਾ ਹੈ। ਕਿਸੇ ਵੀ ਮਨੁੱਖ ਦੀ ਸ਼ਖਸੀਅਤ ਉੱਪਰ ਉਸਦੀ ਪਰਵਰਿਸ਼, ਉਸਦੇ ਆਲੇ ਦੁਆਲੇ ਦਾ ਬਹੁਤ ਪ੍ਰਭਾਵ ਹੁੰਦਾ ਹੈ। ਚੰਗੀਆਂ ਮਾੜੀਆਂ ਹਰ ਤਰ੍ਹਾਂ ਦੀਆਂ ਆਦਤਾਂ ਮਨੁੱਖ ਆਪਣੇ ਆਲੇ ਦੁਆਲੇ ਜਾਂ ਜਿੰਨਾ ਮਨੁੱਖਾਂ ਵਿੱਚ ਉਸਦਾ ਵਿਕਾਸ ਹੁੰਦਾ ਹੈ ਉੱਥੋਂ ਗਹਿਣ ਕਰਦਾ ਹੈ । ਜਦੋਂ ਬੱਚੇ ਦੀ ਬੁੱਧੀ ਦਾ ਵਿਕਾਸ ਪੂਰੀ ਤਰ੍ਹਾਂ ਨਹੀਂ ਹੁੰਦਾ, ਉਦੋਂ ਤੱਕ ਉਸ ਵਿੱਚ ਆਈ ਹਰ ਤਬਦੀਲੀ ਦਾ ਕਾਰਣ ਉਸਦੇ ਮਾਪਿਆਂ ਜਾਂ ਆਸ ਪਾਸ ਦੇ ਲੋਕਾਂ ਨੂੰ ਮੰਨਿਆ ਜਾ ਸਕਦਾ ਹੈ। ਪਰ ਜਦੋਂ ਇੱਕ ਮਨੁੱਖ ਦੀ ਪੂਰਨ ਸੋਝੀ ਦਾ ਵਿਕਾਸ ਹੋ ਜਾਂਦਾ ਹੈ, ਉਹ ਆਪਣੀਆਂ ਹਰ ਤਰ੍ਹਾਂ ਦੀਆਂ ਕ੍ਰਿਆਵਾਂ ਆਪ ਕਰਨ ਦੇ ਯੋਗ ਹੋ ਜਾਂਦਾ ਹੈ, ਜਦੋਂ ਉਸਨੂੰ ਚੰਗੇ ਮਾੜੇ ਦੀ ਸੋਝੀ ਆ ਜਾਂਦੀ ਹੈਂ ਤਾਂ ਫਿਰ ਉਸ ਦੁਆਰਾ ਕੀਤੇ ਹਰ ਕਾਰਜ ਦੀ ਜ਼ੰਮੇਵਾਰੀ ਉਸਦੀ ਆਪਣੀ ਹੁੰਦੀ ਹੈ। ਹਰ ਇੱਕ ਮਨੁੱਖ ਦੇ ਜੀਵਨ ਦਾ ਪਹਿਲਾਂ ਮੰਤਵ ਇੱਕ ਚੰਗਾ ਮਨੁੱਖ ਬਣਨਾ ਹੋਣਾ ਚਾਹੀਦਾ ਹੈ। ਇਸ ਵਿੱਚ ਕੋਈ ਦੋਰਾਇ ਨਹੀਂ ਕਿ ਕੋਈ ਵੀ ਮਨੁੱਖ ਸਰਵਗੁਣ ਸਪੰਨ ਨਹੀਂ ਹੁੰਦਾ, ਹਰ ਇੱਕ ਵਿੱਚ ਬਹੁਤ ਸਾਰੀਆਂ ਕਮੀਆਂ ਹੁੰਦੀਆਂ ਹਨ, ਪਰ ਜੇਕਰ ਮਨੁੱਖ ਆਪਣੀਆਂ ਕਮੀਆਂ ਲੱਭ ਉਹਨਾਂ ਨੂੰ ਦੂਰ ਕਰਨ ਲਈ ਯਤਨਸ਼ੀਲ ਹੋਵੇ ਤਾਂ ਉਹ ਆਪਣੀ ਇੱਕ ਚੰਗੀ ਸ਼ਖਸੀਅਤ ਦਾ ਨਿਰਮਾਣ ਕਰ ਸਕਦਾ ਹੈ।

ਪਰ ਇਹ ਮਨੁੱਖੀ ਸੁਭਾਅ ਦੀ ਫਿਤਰਤ ਹੈ ਕਿ ਇਹ ਹਮੇਸ਼ਾ ਦੂਸਰਿਆਂ ਦੀਆਂ ਕਮੀਆਂ ਲੱਭਣ ਲਈ ਤੱਤਪਰ ਰਹਿੰਦਾ ਹੈ। ਜਿੰਨਾਂ ਲੋਕਾਂ ਨੂੰ ਮਨੁੱਖ ਪਸੰਦ ਨਹੀਂ ਕਰਦਾ, ਉਹਨਾਂ ਦੇ ਗੁਣ ਕਦੇ ਵੀ ਉਸਦੀਆਂ ਨਜ਼ਰਾਂ ਵਿੱਚ ਨਹੀਂ ਚੜਦੇ। ਜਦੋਂ ਕਿ ਮਨੁੱਖ ਨੂੰ ਦੂਸਰਿਆਂ ਦੀਆਂ ਕਮੀਆਂ ਲੱਭਣ ਦੀ ਬਜਾਇ ਆਪਣੀ ਸ਼ਖਸੀਅਤ ਨੂੰ ਵਿਚਾਰਨਾ ਚਾਹੀਦਾ ਹੈ। ਆਪਣੀਆਂ ਕਮੀਆਂ ਲੱਭਣ ਦਾ ਯਤਨ ਕਰਨਾ ਚਾਹੀਦਾ ਹੈ। ਉਨ੍ਹਾਂ ਕਮੀਆਂ ਨੂੰ ਲੱਭ ਕੇ ਉਹਨਾਂ ਨੂੰ ਦੂਰ ਕਰਨ ਲਈ ਯਤਨਸ਼ੀਲ ਹੋਣਾ ਚਾਹੀਦਾ ਹੈ। ਪਰ ਜਦੋਂ ਤੱਕ ਅਸੀਂ ਆਪਣੀਆਂ ਕਮੀਆਂ ਤੋਂ ਖੁਦ ਜਾਣੂ ਨਹੀਂ ਹੋਵਾਂਗੇ, ਉਨ੍ਹੀਂ ਦੇਰ ਤੱਕ ਅਸੀਂ ਉਹਨਾਂ ਕਮੀਆਂ ਨੂੰ ਗੁਣਾਂ ਵਿੱਚ ਤਬਦੀਲ ਕਰਨ ਦੀ ਪ੍ਰਕਿਰਿਆ ਸ਼ੁਰੂ ਨਹੀਂ ਕਰ ਸਕਦੇ।

ਗੁਰੂ ਗ੍ਰੰਥ ਸਾਹਿਬ ਜੀ ਵੀ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਮਨੁੱਖ ਨੂੰ ਆਪਾ ਖੋਜਣਾ ਚਾਹੀਦਾ ਹੈ ਉਹਨਾਂ ਦੇ ਮਹਾਵਾਕ ਅਨੁਸਾਰ

"ਬੰਦੇ ਖੋਜੁ ਦਿਲ ਹਰ ਰੋਜ ਨਾ ਫਿਰੁ ਪਰੇਸ਼ਾਨੀ ਮਾਹਿ।। "

ਭਾਵ ਆਪਣੇ ਆਪ ਦੀ ਖੋਜ ਕਰਨ ਨਾਲ ਪਰੇਸ਼ਾਨੀਆਂ ਤੋਂ ਮੁਕਤ ਹੋਇਆ ਜਾ ਸਕਦਾ ਹੈ। ਇਸ ਤੋਂ ਇਲਾਵਾ ਜੇਕਰ ਅਸੀਂ ਰੋਜ਼ਮਰ੍ਹਾ ਦੇ ਜੀਵਨ ਵਿਚੋਂ ਕੋਈ ਉਦਹਾਰਣ ਲੈਣੀ ਹੋਵੇ ਤਾਂ ਨਿੱਕੀਆਂ ਨਿੱਕੀਆਂ ਗੱਲਾਂ ਤੇ ਗੁੱਸਾ ਹੋਣ ਵਾਲਾ ਵਿਅਕਤੀ ਖੁਦ ਜਾਣਦਾ ਹੈ ਕਿ, ਕ੍ਰੋਧ ਵਿੱਚ ਆਉਣਾ ਉਸਦੀ ਇੱਕ ਵੱਡੀ ਕਮੀਂ ਹੈ, ਪਰ ਉਹ ਇਸ ਗੱਲ ਨੂੰ ਸਵੀਕਾਰ ਕਰਨ ਲਈ ਤਿਆਰ ਨਹੀਂ ਹੁੰਦਾ । ਉਸਦਾ ਆਪਣੇ ਆਪ ਉੱਪਰ ਕਿਸੇ ਵੀ ਤਰ੍ਹਾਂ ਦਾ ਨਿਯੰਤਰਣ ਨਾ ਹੋਣ ਕਾਰਣ ਉਹ ਹਮੇਸ਼ਾ ਆਪਣੇ ਆਪ ਨੂੰ ਅਤੇ ਸਾਹਮਣੇ ਵਾਲਿਆਂ ਨੂੰ ਪਰੇਸ਼ਾਨ ਕਰ ਦਿੰਦਾ ਹੈ। ਜਦੋਂ ਕਿ ਜੇਕਰ ਇਸ ਤਰ੍ਹਾਂ ਦੇ ਮਨੁੱਖ ਆਪਣੀ ਕਮੀਂ ਨੂੰ ਸਵੀਕਾਰ ਕਰਕੇ ਉਸ ਨੂੰ ਸਹੀ ਕਰਨ ਲਈ ਕੰਮ ਕਰਨ ਲਈ ਤਿਆਰ ਹੋ ਜਾਣ ਤਾਂ ਉਹਨਾਂ ਦੀ ਇਸ ਕਮੀਂ ਨੂੰ ਸਬਰ ਤੇ ਸਹਿਜਤਾ ਵਰਗੇ ਗੁਣਾ ਨਾਲ ਤਬਦੀਲ ਕੀਤਾ ਜਾ ਸਕਦੀ ਹੈ। ਕ੍ਰੋਧ ਤੇ ਸਹਿਜਤਾ ਕਦੇ ਵੀ ਇੱਕ ਸਾਥ ਇਕੱਠੇ ਨਹੀਂ ਰਹਿ ਸਕਦੇ।

ਇਸ ਉਦਹਾਰਣ ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਅਜਿਹੀਆਂ ਕਮੀਆਂ ਸਾਡੇ ਵਿੱਚ ਹੁੰਦੀਆਂ ਹਨ, ਜਿੰਨਾਂ ਨੂੰ ਥੋੜੀ ਜਿਹੀ ਸਿਆਣਪ ਵਰਤਕੇ ਦੂਰ ਕੀਤਾ ਜਾ ਸਕਦਾ ਹੈ। ਜਿੰਦਗੀ ਸਿੱਖਣ ਦੀ ਪ੍ਰਕਿਰਿਆ ਹੈ। ਰੋਜ਼ ਦਿਹਾੜੀ ਦੇ ਕੰਮਾਂ ਕਾਰਾਂ ਵਿਚੋਂ ਵਿਚਰਦੇ ਸਾਨੂੰ ਪਤਾ ਨਹੀਂ ਕਿੰਨਾ ਕੁਝ ਸਿੱਖਣ ਨੂੰ ਮਿਲਦਾ ਹੈ, ਹਰ ਰੋਜ਼ ਸਾਡੇ ਜੀਵਨ ਦੇ ਤੁਜ਼ਰਬੇ ਵਿੱਚ ਨਵੀਂ ਕਹਾਣੀਆਂ, ਨਵੇਂ ਅਨੁਭਵ ਜੁੜਦੇ ਰਹਿੰਦੇ ਹਨ ਅਤੇ ਜੁੜਦੇ ਰਹਿਣਗੇ । ਸਾਡੀ ਕੋਸ਼ਿਸ਼ ਹੋਣੀ ਚਾਹੀਦੀ ਹੈ ਕਿ ਇਸ ਸਫ਼ਰ ਦੇ ਚੱਲਦਿਆਂ ਅਸੀਂ ਦੂਸਰਿਆਂ ਦੀ ਬਜਾਇ ਆਪਣੀਆਂ ਕਮੀਆਂ ਲੱਭੀਏ ਅਤੇ ਆਪਣੀ ਸ਼ਖਸੀਅਤ ਨੂੰ ਹੋਰ ਨਿਖਾਰੀਏ।

ਹਰਕੀਰਤ ਕੌਰ



ਹੁਣ ਬਹੁਤ ਸਾਰੇ ਪਾਠਕਾਂ ਦਾ ਸਵਾਲ ਇਹ ਵੀ ਹੋ ਸਕਦਾ ਹੈ ਕਿ ਅਸੀਂ ਉਨ੍ਹਾਂ ਕਮੀਆਂ ਨੂੰ ਲੱਭ ਕੇ ਦੂਰ ਕਿਵੇਂ ਕਰ ਸਕਦੇ ਹਾਂ। ਇਸ ਦੀ ਇੱਕ ਪ੍ਰਕਿਰਿਆ ਇਹ ਹੈ ਕਿ ਸਭ ਤੋਂ ਪਹਿਲਾਂ ਆਪਣੇ ਆਪ ਦਾ ਅਧਿਐਨ ਕਰੋ।ਆਪਣੀ ਹਰ ਚੰਗੀ ਮਾੜੀ ਆਦਤ ਦੀ ਸੂਚੀ ਬਣਾਉ।

ਜੋ ਚੰਗੀਆਂ ਆਦਤਾਂ ਹਨ ਉਹਨਾਂ ਲਈ ਪਰਮਾਤਮਾ ਤੋਂ ਆਪਣੇ ਆਪ ਦੇ ਸ਼ੁਕਰਗੁਜਾਰ ਹੋਵੋ ਅਤੇ ਜੋ ਬੁਰੀਆਂ ਆਦਤਾਂ ਹਨ ਉਨ੍ਹਾਂ ਨੂੰ ਦੂਰ ਕਿਵੇਂ ਕੀਤਾ ਜਾ ਸਕਦਾ ਉਸਦੇ ਢੰਗ ਤਰੀਕੇ ਲੱਭੋ ਅਤੇ ਉਸਦੀ ਇੱਕ ਸੂਚੀ ਤਿਆਰ ਕਰੋ ।ਆਪਣੇ ਆਪ ਤੇ ਨਿਯੰਤਰਣ ਕਰਨਾ ਸਿੱਖੋ। ਉਹਨਾਂ ਬੁਰੀਆਂ ਆਦਤਾਂ ਦੀ ਜਗ੍ਹਾ ਤੇ ਨਵੀਆਂ ਕਲਾਵਾਂ ਸਿੱਖਣ ਵੱਲ ਆਪਣਾ ਧਿਆਨ ਲਾਉ। ਵੱਧ ਤੋਂ ਵੱਧ ਸਮਾਂ ਆਪਣੇ ਆਪ ਨਾਲ ਬਿਤਾਉ। ਆਪਣੀ ਸੰਗਤ ਨੂੰ ਮਾਣੋ। ਤਿਆਰ ਕੀਤੀ ਸੂਚੀ ਵਿੱਚ ਆਪਣੇ ਵਿੱਚ ਆ ਰਹੀਆਂ ਤਬਦੀਲੀਆਂ ਵੀ ਜਰੂਰ ਲਿਖੋ। ਹਮੇਸ਼ਾ ਸਕਾਰਾਤਮਕ ਨਜ਼ਰੀਆ ਰੱਖੋ। ਸਵੈਂ ਵਿਸ਼ਵਾਸ ਰੱਖ ਆਪਣੀ ਸ਼ਖਸੀਅਤ ਨੂੰ ਨਿਖਾਰਨ ਲਈ ਯਤਨਸ਼ੀਲ ਹੋਵੋ।

ਇਸ ਤਰ੍ਹਾਂ ਕਰਨ ਨਾਲ ਤੁਸੀਂ ਆਪਣੇ ਆਪ ਦਾ ਅਧਿਐਨ ਕਰਨਾ ਸ਼ੁਰੂ ਕਰੋਗੇ ਤਾਂ , ਤੁਹਾਡੀਆਂ ਕਮੀਆਂ ਗੁਣਾ ਦਾ ਰੂਪ ਧਾਰਨ ਕਰ ਲੈਣਗੀਆਂ ਅਤੇ ਇੱਕ ਬਹੁਤ ਹੀ ਪ੍ਰਭਾਵਸ਼ਾਲੀ ਸ਼ਖਸੀਅਤ ਦਾ ਨਿਰਮਾਣ ਹੋ ਸਕਦਾ ਹੈ ,ਜਿਸਨੂੰ ਲੋਕਾਂ ਵਿੱਚ ਕਿਸੇ ਵੀ ਤਰ੍ਹਾਂ ਦੀ ਕਮੀ ਨਜ਼ਰ ਨਹੀਂ ਆਉਦੀ। ਅਜਿਹੀ ਸ਼ਖਸੀਅਤ ਜੋ ਹੋਰਾਂ ਵਿੱਚ ਕਮੀਆਂ ਲੱਭਣ ਦੀ ਬਜਾਇ ਉਹੀ ਸਮਾਂ ਆਪਣੇ ਆਪ ਨੂੰ ਸਵਾਰਣ ਵਿੱਚ ਲਗਾਉਂਦੀ ਹੋਵੇ। ਜੋ ਹੋਰਨਾਂ ਨੂੰ ਬਦਲਣ ਦੀ ਜਗ੍ਹਾ ਪਹਿਲਾਂ ਸਵੈ ਪੜਚੋਲ ਕਰਦੀ ਹੋਵੇ ।ਇਸ ਤਰ੍ਹਾਂ ਨਾਲ ਇੱਕ ਅਜਿਹੀ ਸ਼ਖਸੀਅਤ ਸਿਰਜੀ ਜਾ ਸਕਦੀ ਹੈ, ਜੋ ਹਰ ਜਗ੍ਹਾ ਚੜ੍ਹਦੀਕਲਾ ਦਾ ਪੈਗਾਮ ਦਿੰਦੀ ਹੋਵੇਗੀ।

# ਤੇ ਮਹਿੰਗੀ ਪਈ ਸਾਨੂੰ ਲਾਕਡਾਉਨ ਵਿਚ ਹੋਈ ਹੋਮ ਡਲਿਵਰੀ

-ਰਮੇਸ਼ ਬੱਗਾ ਚੋਹਲਾ-

ਸਿਆਣੇ ਕਹਿੰਦੇ ਹਨ ਕਿ ਇਲਾਜ਼ ਨਾਲੋਂ ਪ੍ਰਹੇਜ਼ ਚੰਗਾ ਹੁੰਦਾ।ਕੋਰੋਨਾ ਜਿਹੀ ਭਿਆਨਕ ਬਿਮਾਰੀ ਤੋਂ ਦੇਸ਼ਵਾਸੀਆਂ ਨੂੰ ਬਚਾਉਣ ਲਈ ਸਭ ਤੋਂ ਕਾਰਗਰ ਅਤੇ ਸੌਖਾ ਤਰੀਕਾ ਉਨ੍ਹਾਂ ਨੂੰ ਘਰਾਂ ਵਿਚ ਠਹਿਰਾਉਣਾ ਅਤੇ ਆਪਸੀ ਮੇਲ-ਮਿਲਾਪ ਨੂੰ ਘਟਾਉਣਾ ਮੰਨਿਆ ਗਿਆ।ਆਪੋ ਆਪਣੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਲੀ ਅਤੇ ਉਪਰਲੀ ਸਰਕਾਰ ਨੇ ਐਲਾਨ ਕਰ ਦਿੱਤਾ ਕਿ ਪੂਰੇ ਦੇਸ਼ ਵਿਚ ਲਾਕਡਾਉਨ ਰਹੇਗਾ ਅਤੇ ਕੋਈ ਵੀ ਨਾਗਰਿਕ ਜਾਂ ਨਾਗਰਿਕਣੀ ਬਿੰਨਾ ਕਿਸੇ ਠੋਸ ਕਾਰਣ ਦੇ ਬੂਹੇ ਤੋਂ ਬਾਹਰ ਪੈਰ ਨਹੀਂ ਧਰੇਗਾ।ਜੇਕਰ ਕੋਈ ਅਜਿਹਾ ਕਰਦਾ ਮਿਲ ਗਿਆ ਜਾਂ ਮਿਲ ਗਈ ਮੌਕੇ ਅਨੁਸਾਰ ਉਸ ਨੂੰ ਖਰਚਾ-ਪਾਣੀ (ਦੱਬਕਿਆਂ ਤੇ ਡੰਡਿਆਂ ਨਾਲ) ਜ਼ਰੂਰ ਦਿੱਤਾ ਜਾਵੇਗਾ।ਸਰਕਾਰ ਦੇ ਇਸ ਸਖ਼ਤ ਫ਼ੈਸਲੇ ਦੇ ਖ਼ਿਲਾਫ਼ ਜਾਣ ਦੀ ਅਸੀਂ ਭੋਰਾ ਹਿੰਮਤ ਨਹੀਂ ਕੀਤੀ ਅਤੇ ਘਰ ਵਿਚ ਰਹਿਣ ਨੂੰ ਹੀ ਆਪਣਾ ਧੰਨ ਭਾਗ ਸਮਝਿਆ।ਜਿਥੋਂ ਤੱਕ ਪ੍ਰਸ਼ਾਦੇ ਜਾਂ ਚਾਹ-ਪਾਣੀ ਦੇ ਸਮਾਨ ਦਾ ਸਵਾਲ ਸੀ ਇਸ ਦੇ ਹੱਲ ਲਈ ਕਿਹਾ ਗਿਆ ਕਿ ਇਹ 'ਸਭੀ ਜਨ' ਕੋ ਘਰ ਬੈਠਿਆਂ (ਹੋਮ ਡਲਿਵਰੀ ਦੇ ਰੂਪ ਵਿਚ) ਹੀ ਮਿਲਦਾ ਰਹੇਗਾ।ਉਨ੍ਹਾਂ ਸਭੀ ਜਨਾ ਵਿਚ ਅਸੀਂ ਵੀ ਆਪਣੇ ਆਪ ਨੂੰ ਸ਼ਾਮਿਲ ਕਰ ਲਿਆ ਅਤੇ ਸਰਕਾਰ ਅਤੇ ਪ੍ਰਸ਼ਾਸਨ ਦਾ ਅਗਾਂਹੂ ਧੰਨਵਾਦ ਕਰਦੇ ਹੋਏ 'ਦੱੜ ਵੱਟ ਜ਼ਮਾਨਾ ਘੱਟ ਭਲੇ ਦਿਨ ਆਵਣਗੇ' ਦੀ ਆਸ ਨਾਲ ਆਪਣੀ ਤਸ਼ਰੀਫ਼ ਆਪਣੇ ਘਰ ਦੇ ਵਿਚ ਹੀ ਰੱਖਣ ਲੱਗ ਪਏ।

. ਸਮਾਂ ਆਪਣੀ ਚਾਲੇ ਚੱਲਣ ਲੱਗ ਪਿਆ।ਇਸ ਸਮੇਂ ਦੌਰਾਨ ਭਾਵੇਂ ਪੜ੍ਹਣ-ਲਿਖਣ ਦੀਆਂ ਗਤੀਵਿਧੀਆਂ ਜਾਰੀ ਸਨ ਪਰ ਬਾਹਰੀ ਤੋਰਾ-ਫੇਰਾ ਸੁੰਘੜ ਗਿਆ ਸੀ।ਦਿਨ ਤੇ ਰਾਤ ਘਰ ਵਿਚ ਰਹਿਣ ਨਾਲ ਛਕਣ-





ਛਕਾਉਣ ਦਾ ਸਿਲਸਲਾ ਵੱਧਣ ਲੱਗਾ।ਪਰਿਵਾਰ ਦਾ ਹਰੇਕ ਜੀਅ ਆਪਣੇ-ਆਪਣੇ ਸੁਆਦ ਅਨੁਸਾਰ ਫ਼ਰਮਾਇਸ਼ਾਂ ਕਰਨ ਲੱਗ ਪਿਆ।ਇੰਝ ਲੱਗ ਰਿਹਾ ਸੀ ਜਿਵੇਂ ਸਾਰਿਆਂ (ਮੇਰੇ ਸਮੇਤ) ਨੇ ਆਪਣੇ ਜੀਵਨ ਦਾ ਉਦੇਸ਼ 'ਖਾਣ ਲਈ ਜੀਣਾ ਹੀ ਬਣਾ ਲਿਆ ਹੋਵੇ।'ਇਸ ਉਦੇਸ਼ ਦੀ ਪੂਰਤੀ ਲਈ ਸ਼੍ਰੀਮਤੀ ਨੂੰ ਆਪਣਾ ਵਧੇਰਾ ਸਮਾਂ ਕਿਚਨ ਵਿਚ ਹੀ ਕੁਰਬਾਨ ਕਰਨਾ ਪੈਂਦਾ ਸੀ।ਉਸ ਦੀ ਇਹ ਕੁਰਬਾਨੀ ਵੀ ਸਾਡੇ ਘਰੇਲੂ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਤੇ ਲਿਖੀ ਜਾਵੇਗੀ।

. ਆਮ ਕਹਾਵਤ ਹੈ ਕਿ 'ਖਾਧਿਆਂ ਤਾਂ ਖੂਹ ਵੀ ਖਾਲੀ ਹੋ ਜਾਂਦੇ ਹਨ।' ਇਹ ਕਹਾਵਤ ਸਾਡੇ ਰਸੋਈ-ਭੰਡਾਰ 'ਤੇ ਵੀ ਪੂਰਨ ਰੂਪ ਵਿਚ ਲਾਗੂ ਹੋਣ ਲੱਗ ਪਈ।ਡੱਬਿਆਂ/ਪੀਪਿਆਂ ਵਿਚ ਪਈ ਰਸਦ ਤੇਜੀ ਨਾਲ ਆਪਣੇ ਧਰਾਤਲ ਵੱਲ ਵੱਧਣ ਲੱਗੀ।ਇਸ ਤੋਂ ਪਹਿਲਾਂ ਕਿ ਇਹ ਆਪਣਾ ਆਧਾਰ ਹੀ ਗਵਾ ਲਏ ਅਤੇ ਲੰਗਰ ਮਸਤਾਨਾ ਹੋ ਜਾਵੇ ਅਸੀਂ ਆਪਣੇ ਫ਼ਰਜ਼ ਨੂੰ ਪਹਿਚਾਣਨਾ ਸ਼ੁਰੂ ਕਰ ਦਿੱਤਾ। .

ਇਸ ਪਹਿਚਾਣ ਦੇ ਤਹਿਤ ਅਸੀਂ ਮਹਾਂਨਗਰ ਦੇ ਇੱਕ ਦੋ ਨਾਮੀ ਦੁਕਾਨਦਾਰਾਂ ਨੂੰ ਰਾਸ਼ਨ ਦੀ ਖ਼੍ਰੀਦ ਲਈ ਫ਼ੋਨ ਘੁਮਾਅ ਦਿੱਤਾ।ਉਨ੍ਹਾਂ ਦੁਕਾਨਦਾਰਾਂ ਦਾ ਸਿੱਕੇਬੰਦ ਜਵਾਬ ਸੀ ਕਿ ਲਾਕਡਾਉਨ ਦੇ ਕਾਰਣ ਤੁਸੀਂ ਦੁਕਾਨ 'ਤੇ ਹਾਜ਼ਰੀ ਤਾਂ ਨਹੀਂ ਲਵਾ ਸਕਦੇ ਹਾਂ ਜੋ ਕੁੱਝ ਚਾਹੀਦਾ ਉਸ ਦੀ ਹੋਮ ਡਲਿਵਰੀ ਜ਼ਰੂਰ ਕਰ ਦਿੱਤੀ ਜਾਵੇਗੀ।' 'ਹੋਮ ਦੀ ਇਸ ਡਲਿਵਰੀ ਨਾਲ ਕੋਈ ਬਿੱਲ ਵਿਚ ਫਰਕ (ਵਾਧੇ ਦਾ) ਤਾਂ ਨਹੀਂ ਜੀ ਪੈਂਦਾ।' ਅਸੀਂ ਆਪਣੀ ਸ਼ੰਕਾ ਦੀ ਨਵਿਰਤੀ ਕਰਨੀ ਚਾਹੀ। 'ਸਾਡੇ ਬਿੱਲ 'ਚ ਤਾਂ ਕੋਈ ਫਰਕ ਨਹੀਂ ਪੈਣਾ ਜੀ,ਜਿਹੜਾ ਲੈ ਕੇ ਆਵੇਗਾ (ਹੋਮ ਡਲਿਵਰੀ ਵਾਲਾ) ਉਹ ਜ਼ਰੂਰ ਥੋੜ੍ਹਾ-ਬਹੁਤਾ ਉਪਰ ਲਵੇਗਾ।' ਤੇ ਜਦੋਂ ਥੋੜ੍ਹੇ-ਬਹੁਤੇ ਦਾ ਵਿਸਥਾਰ ਲਿਆ ਤਾਂ ਉਹ ਬਹੁਤਾ ਹੀ ਨਿਕਲਿਆ।ਇਸ ਤਰ੍ਹਾਂ ਇਹ ਹੋਮ ਡਲਿਵਰੀ ਸਾਨੂੰ ਰਗੜਾ ਲਗਾਉਣ ਵਾਲੀ ਲੱਗੀ ਅਤੇ ਇਸ ਦੇ ਵੱਲੋਂ ਅਸੀਂ ਮੂੰਹ ਮੋੜ ਲਿਆ।

.ਹੋਮ ਡਲਿਵਰੀ ਤੋਂ ਭਾਵੇਂ ਅਸੀਂ ਮੂੰਹ ਮੋੜ ਲਿਆ ਸੀ ਪਰ ਆਪਣੇ ਫ਼ਰਜ਼ ਤੋਂ ਮੂੰਹ ਨਾ ਮੋੜ ਸਕੇ।ਇਸ ਫ਼ਰਜ਼ ਨੂੰ ਨਿਭਾਉਂਦੇ ਹੋਏ ਅਸੀਂ ਇੱਕ ਹੋਰ ਜਾਣੇ-ਪਹਿਚਾਣੇ ਕਰਿਆਨਾ ਕਾਰੋਬਾਰੀ ਦਾ ਮੋਬਾਇਲ ਫ਼ੋਨ ਖੜਕਾ ਦਿੱਤਾ ਜਿਹੜਾ ਉਸ ਦੇ ਫ਼ਰਜੰਦ ਨੇ ਉਠਾ ਲਿਆ।ਜਦੋਂ ਉਸ ਨਾਲ ਰਾਸ਼ਨ ਦੀ ਬਾਤ ਪਾਈ ਤਾਂ ਉਸ ਨੇ ਹੁੰਗਾਰਾ ਵੀ 'ਹੋਮ ਡਲਿਵਰੀ' ਵਿਚ ਹੀ ਭਰਿਆ ਪਰ ਉਸ ਦਾ ਹੋਮ ਡਲਿਵਰੀ ਦਾ ਖ਼ਰਚਾ ਪਹਿਲੇ ਦੀ ਨਿਸਬਤ ਕੁੱਝ ਘੱਟ ਸੀ।ਉਸ ਨੂੰ ਸਹਿਮਤੀ ਦਿੰਦਿਆਂ ਰਾਸ਼ਨ ਦੀ ਸੂਚੀ ਉਸ ਦੇ ਮੋਬਾਇਲ 'ਤੇ ਪਾ ਦਿੱਤੀ।

. ਕੁੱਝ ਕੁ ਘੰਟਿਆਂ ਵਿਚ ਇਹ ਡਲਿਵਰੀ ਇੱਕ ਗੱਤੇ ਦੇ ਬੰਦ ਡੱਬੇ ਵਿਚ ਸਾਡੇ ਘਰ ਪਹੁੰਚ ਗਈ।ਡਲਿਵਰੀ ਮੈਨ ਨੂੰ ਬਿੱਲ ਦੀ ਮਾਇਆ ਪਲੱਸ ਆਵਾਜਾਈ ਭੱਤਾ ਦੇ ਕੇ ਵਾਪਸ ਤੋਰ ਦਿੱਤਾ।ਉਹ ਖ਼ੁਸ਼ ਸੀ ਕਿ ਉਸ ਦੇ ਗੇੜੇ ਦਾ ਮੁੱਲ ਪੈ ਗਿਆ।ਅਸੀਂ ਖ਼ੁਸ਼ ਸੀ ਕਿ ਲਾਕਡਾਉਨ/ਕਰਫ਼ਿਊ ਦੇ ਬਾਕੀ ਦਿਨ ਸਾਡਾ ਲੋਹ-ਲੰਗਰ ਤੱਪਦਾ ਰਹੇਗਾ ਅਤੇ ਟੱਬਰ ਦਾ ਹਰੇਕ ਮੈਂਬਰ ਆਪਣੀ ਇੱਛਾ ਅਤੇ ਸੁਆਦ ਅਨੁਸਾਰ ਛੱਕਦਾ ਰਹੇਗਾ।

. ਕੁੱਝ ਕੁ ਸਮੇਂ ਬਾਅਦ ਜਦੋਂ ਅਸੀਂ ਹੋਮ ਡਲਿਵਰੀ ਵਾਲੇ ਡੱਬੇ ਨੂੰ ਖੋਲ੍ਹ ਕੇ ਬਿੱਲ ਨਾਲ ਸਮਾਨ ਦਾ ਮਿਲਾਨ ਕਰਨ ਲੱਗੇ ਤਾਂ ਸਾਨੂੰ 'ਇੱਕ ਜੋਰ ਦਾ ਝੱਟਕਾ ਧੀਰੇ ਨਾਲ ਲੱਗਣ ਲੱਗਾ।' ਇਸ ਝਟਕੇ ਦੀ ਵਜ੍ਹਾ ਇਹ ਸੀ ਕਿ ਬਿੱਲ ਵਿਚ ਹਰੇਕ ਚੀਜ ਦੇ ਠੋਕਵੇਂ (ਪ੍ਰਿੰਟ ਅਨੁਸਾਰੀ) ਰੇਟ ਲੱਗੇ ਹੋਏ ਸਨ।ਹੋਰ ਤਾਂ ਹੋਰ ਕੁੱਝ ਚੀਜਾਂ ਸਿਰਫ਼ ਬਿੱਲ ਵਿਚ ਹੀ ਬੋਲਦੀਆਂ ਸਨ ਪਰ ਡੱਬੇ ਵਿਚ ਉਨ੍ਹਾਂ ਦੀ ਹਾਜ਼ਰੀ ਜਾਂ ਤਾਂ ਬਿਲਕੁੱਲ ਨਹੀਂ ਸੀ ਜਾਂ ਫਿਰ ਨਾਮਾਤਰ ਹੀ ਸੀ।

. ਦੁਖ਼ੀ ਮਨ ਨਾਲ ਜਦੋਂ ਅਸੀਂ ਉਸ ਦੁਕਾਨਦਾਰ ਦੇ ਮੋਬਾਇਲ 'ਤੇ ਮਹਿੰਗੀ ਅਤੇ ਅਧੂਰੀ ਹੋਮ ਡਲਿਵਰੀ ਦਾ ਰੋਣਾ ਰੋਇਆ ਤਾਂ ਉਸ ਨੇ ਕਿਹਾ ਕਿ- 'ਰਹਿ ਗਈਆਂ ਚੀਜਾਂ ਤਾਂ ਭਾਵੇਂ ਜਦੋਂ ਮਰਜੀ ਆ ਕੇ ਲੈ ਜਾਓ ਪਰ ਰੇਟਾਂ ਦਾ ਕੁੱਝ ਨਹੀਂ ਹੋ ਸਕਦਾ ਕਿਉਂਕਿ ਅੱਜ ਕੱਲ੍ਹ ਲਾਕਡਾਉਨ ਚੱਲ ਰਿਹਾ ਹੈ।' ਤੇ ਆਓ! ਅਖੀਰ ਵਿਚ ਇਸ ਵਰਤਾਰੇ ਨੂੰ ਕੁੱਝ ਇਸ ਤਰ੍ਹਾਂ ਸਮਝਣ ਦਾ ਜਤਨ ਕਰੀਏ

ਜਦ ਤੱਕ ਲਾਕਡਾਉਨ ਰਹੇਗਾ,ਭਾਅ ਵਸਤਾਂ ਦਾ ਅੱਪ ਰਹੇਗਾ। ਮ੍ਹਾਤੜਾਂ ਦੀ ਹਿੱਕ ਉਪਰ ਲੜਦਾ,ਇੰਜ ਮਹਿੰਗਾਈ ਦਾ ਸੱਪ ਰਹੇਗਾ।

# ਚੱਠ ਵਾਲਾ ਕਾਰਡ

-ਪ੍ਰਿੰਸੀਪਲ ਵਿਜੈ ਕੁਮਾਰ-

ਕਾਫੀ ਸਾਲਪਹਿਲਾਂ ਸਕੂਲ ਦੇ ਕਿਸੇ ਕੰਮ ਮੋਹਾਲੀ ਸਿੱਖਿਆ ਬੋਰਡ ਦੇ ਦਫਤਰ ਵਿੱਚ ਗਿਆ ਸਾਂ। ਮੁੜ ਕੇ ਘਰ ਆਉਣ ਅਤੇ ਚਾਹ ਦਾ ਘੁੱਟ ਛਕਣ ਤੋਂ ਬਾਅਦ ਪਤਨੀ ਨੇ ਮਕਾਨ ਦੀ ਚੱਠ ਦਾ ਕਾਰਡ ਅਤੇ ਕਾਜੂ ਦੀ ਬਰਫੀ ਵਾਲਾ ਡੱਬਾ ਦਿਖਾ ਕੇ ਸਵਾਲ ਕੀਤਾ, 'ਤੁਸੀਂ ਇਸ ਮੁੰਡੇ ਨੂੰ ਜਾਣਦੇ ਹੋ?' ਕਾਰਡ ਪੜ੍ਹ ਕੇ ਦਿਮਾਗ ਉੱਤੇ ਜ਼ੋਰ ਪਾਇਆ ਕਿ ਉਸ ਮੁੰਡੇ ਦੀ ਸ਼ਨਾਖਤ ਕਰ ਸਕਾਂ, ਪਰ ਸਫਲ ਨਾ ਹੋ ਸਕਿਆ। ਅਖੀਰ ਇਹ ਕਹਿ ਕੇ ਸੋਚਣਾ ਛੱਡ ਦਿੱਤਾ, ''ਕੋਈ ਵਿਦਿਆਰਥੀ ਹੋਵ-ੇਗਾ ਮੇਰਾ। ਦੇਖਾਂਗੇ, ਜੇ ਸਮਾਂ ਮਿਲਿਆ ਤਾਂ ਜਾ ਆਵਾਂਗੇ।'' ਪਤਨੀ ਬੋਲੀ, ''ਨਾ ਜੀ, ਮੁੰਡੇ ਨੇ ਦੋਵੇਂ ਹੱਥ ਜੋੜ ਕੇ ਕਿਹਾ ਸੀ ਕਿ ਸਰ ਨੂੰ ਮੇਰੇ ਵੱਲੋਂ ਕਹਿਣਾ ਕਿ ਸਾਡੇ ਘਰ ਦੀ ਚੱਠ ਉੱਤੇ ਤੁਸੀਂ ਦੋਵਾਂ ਨੇ ਜ਼ਰੂਰ ਪਹੁੰਚਣਾ ਏ।'' ਮੈਂ ਚੱਠ ਵਾਲੀ ਤਰੀਕ ਤੇ ਦਿਨ ਪੜ੍ਹ ਲਏ, ਪਰ ਜਾਣ ਦਾ ਮਨ ਨਹੀਂ ਬਣਾਇਆ। ਉਂਝ ਮਨ ਅੰਦਰ ਇਹ ਵਿਚਾਰ ਸੀ ਕਿ ਘਰੋਂ ਦੂਰ ਪਿੰਡ ਵਿੱਚ ਜਾਣਾ ਪਵੇਗਾ ਤੇ ਹਰ ਵਿਦਿਆਰਥੀ ਦੇ ਘਰ ਜਾਇਆ ਨਹੀਂ ਜਾ ਸਕਦਾ। ਮਕਾਨ ਦੀ ਚੱਠ ਨੂੰ ਅਜੇ ਹਫਤਾ ਸੀ।

ਇੱਕ ਦਿਨ ਘਰ ਦੇ ਵਿਹੜੇ ਵਿੱਚ ਬੈਠਾ ਅਖਬਾਰ ਪੜ੍ਹ ਰਿਹਾ ਸੀ, ਦਰਵਾਜ਼ੇ ਉੱਤੇ ਲਾਈ ਟੱਲੀ ਖੜਕੀ। ਦਰਵਾਜ਼ਾ ਖੋਲ੍ਹਿਆ ਤਾਂ ਅੱਗੋਂ ਇੱਕ ਨੌਜਵਾਨ ਨੇ ਗੋਡੇ ਨਹੀਂ, ਸਗੋਂ ਪੈਰੀਂ ਹੱਥ ਲਾਇਆ, ''ਸਰ, ਤੁਸੀਂ ਮੈਨੂੰ ਪਛਾਣਿਆ?'' ਉਸ ਦੇ ਸਵਾਲ ਨੇ ਮਕਾਨ ਦੀ ਚੱਠ ਵਾਲਾ ਕਾਰਡ ਤੇ ਕਾਜੂ ਦੀ ਬਰਫੀ ਵਾਲਾ ਡੱਬਾ ਅੱਖਾਂ ਸਾਹਮਣੇ ਲਿਆ ਦਿੱਤੇ। ਫਿਰ ਵੀ ਉਹ ਮੇਰੀ ਪਛਾਣ ਵਿੱਚ ਨਹੀਂ ਆਇਆ। ਮੈਂ ਉਹਨੂੰ ਚਾਹ ਦੇ ਕੱਪ ਦਾ ਸੱਦਾ ਦੇ ਕੇ ਅੰਦਰ ਆਉਣ ਨੂੰ ਕਿਹਾ ਤੇ ਉਹ ਕਾਹਲੀ ਵਿੱਚ ਹੋਣ ਦੇ ਬਾਵਜੂਦ ਅੰਦਰ ਆ ਗਿਆ। ਉਸ ਨੇ ਪਹਿਲਾਂ ਵਾਲਾ ਸਵਾਲ ਦੁਹਰਾਇਆ। ਮੇਰਾ ਜਵਾਬ ਬਦਲਿਆ ਨਹੀਂ ਸੀ, ਸੱਚਮੁੱਚ ਉਹ ਮੇਰੀ ਪਛਾਣ ਵਿੱਚ ਨਹੀਂ ਆ ਸਕਿਆ। ਉਹਨੇ ਆਪਣਾ ਨਾਂਅ ਦੱਸਿਆ, ਪਿੰਡ ਦਾ ਨਾਂਅ ਦੱਸਿਆ ਅਤੇ ਫਿਰ ਉਸ ਸਕੂਲ ਦਾ ਨਾਂਅ ਦੱਸਿਆ, ਜਿੱਥੇ ਉਹ ਪੜ੍ਹਦਾ ਸੀ ਤੇ ਮੈਂ ਪੜ੍ਹਾਉਂਦਾ ਸਾਂ। ਮੁੰਡਾ ਮੇਰੀ ਪਛਾਣ ਵਿੱਚ ਆ ਗਿਆ ਸੀ। ਮੈਂ ਅਸਲ ਵਿੱਚ ਉਸ ਦੀ ਜਮਾਤ ਦਾ ਇੰਚਾਰਜ ਅਧਿਆਪਕ ਸਾਂ। ਉਹ ਸੱਤਵੀਂ ਵਿੱਚ ਫੇਲ੍ਹ ਹੋ ਗਿਆ ਸੀ। ਮਾਪਿਆਂ ਦਾ ਇਕਲੌਤਾ ਪੁੱਤਰ ਸੀ, ਉਹਦੇ ਪਿਤਾ ਜੀ ਚਾਹੁੰਦੇ ਸਨ ਕਿ ਪੜ੍ਹੇ। ਉਨ੍ਹਾਂ ਨੂੰ ਖਬਰ ਨਹੀਂ ਸੀ ਕਿ ਮੁੰਡਾ ਸੱਤਵੀਂ ਤੱਕ ਵੀ ਰਿਆਇਤੀ ਪਾਸ ਹੁੰਦਾ ਰਿਹਾ ਸੀ। ਉਸ ਦੇ ਪਿਤਾ ਜੀ ਮੁੱਖ ਅਧਿਆਪਕ ਨਾਲ ਕਾਫੀ ਔਖੇ ਭਾਰੇ ਹੋਏ। ਮੈਂ ਉਸ ਦੇ ਪਿਤਾ ਜੀ ਨੂੰ ਬਿਠਾ ਕੇ ਸਮਝਾਇਆ ਕਿ ਇਹਨੂੰ ਪਾਸ ਕਰਵਾ ਦਿੰਦਾ ਹਾਂ, ਪਰ ਅਨਪੜ੍ਹਾਂ ਵਰਗਾ ਹੋਵੇਗਾ। ਉਹ ਸਰਟੀਫਿਕੇਟ ਬੱਚੇ ਦੇ ਕਿਸ ਕੰਮ ਦਾ ਹੋਵੇਗਾ? ਚੰਗਾ ਹੋਵੇ, ਜੇ ਤੁਸੀਂ ਮੁੰਡੇ ਨੂੰ ਕੋਈ ਕੰਮ ਸਿਖਾ ਦਿਓ।

ਉਸ ਦਿਨ ਤੋਂ ਬਾਅਦ ਉਸ ਮੁੰਡੇ ਨੂੰ ਮੈਂ ਅੱਜ ਮਿਲ ਰਿਹਾ ਸਾਂ। 'ਲੱਗਦੈ, ਵਿਦੇਸ਼ ਜਾ ਕੇ ਚੰਗੇ ਨੋਟ ਕਮਾਏ ਆ!' ਉਹ ਬੜੀ ਮਹਿੰਗੀ ਗੱਡੀ ਵਿੱਚ ਆਇਆ ਸੀ ਅਤੇ ਗਲੇ ਵਿੱਚ ਸੋਨੇ ਦੀ ਮੋਟੀ ਚੇਨੀ ਅਤੇ ਉਂਗਲੀਆਂ ਵਿੱਚ ਸੋਨੇ ਦੀਆਂ ਮੁੰਦਰੀਆਂ ਪਾਈਆਂ ਹੋਈਆਂ ਸਨ। ਕਹਿਣ ਲੱਗਾ, ''ਸਰ, ਮੈਂ ਪੜ੍ਹਾਈ ਛੱਡ ਕੇ ਦਿੱਲੀ ਚਾਚਾ ਜੀ ਕੋਲ ਜਾ ਕੇ ਕਾਰਾਂ ਦੀ ਮਕੈਨਕੀ ਸਿੱਖ ਲਈ। ਹੌਲੀ-ਹੌਲੀ ਕੰਮ ਵਧਾ ਲਿਆ। ਕਾਰਾਂ ਦੇ ਪੁਰਜਿਆਂ ਦੀ ਦੁਕਾਨ ਪਾ ਲਈ। ਅੱਜ ਮੇਰੇ ਦਿੱਲੀ ਵਿੱਚ ਆਪਣੇ ਸ਼ੋਅ ਰੂਮ ਹਨ। ਬਾਪੂ ਜੀ ਦੀ ਇੱਛਾ ਸੀ ਕਿ ਪਿੰਡ ਵਧੀਆ ਕੋਠੀ ਹੋਵੇ। ਜੇ ਤੁਸੀਂ ਉਸ ਦਿਨ ਬਾਪੂ ਜੀ ਨੂੰ ਨਾ ਸਮਝਾਉਂਦੇ ਤਾਂ ਮੈਂ ਉਹੀ ਖੇਤੀ ਕਰਦੇ ਹੋਣਾ ਸੀ।'' ਉਹਨੇ ਜਾਂਦੇ ਹੋਏ ਮੁੜ ਜ਼ੋਰ ਪਾਇਆ, ''ਸਰ, ਚੱਠ ਉੱਤੇ ਆਉਣਾ ਨਾ ਭੁੱਲਿਓ। ਬਾਪੂ ਜੀ ਨੇ ਵੀ ਤੁਹਾਨੂੰ ਉਚੇਚਾ ਆਉਣ ਲਈ ਕਿਹਾ ਹੈ।''

ਮੁੰਡੇ ਦੇ ਜਾਣ ਪਿੱਛੋਂ ਮੈਂ ਦੇਸ਼ ਦੀ ਸਿੱਖਿਆ ਵਿਵਸਥਾ ਨੂੰ ਕੋਸ ਰਿਹਾ ਸਾਂ। ਜੇ ਬੱਚਿਆਂ ਨੂੰ ਉਨ੍ਹਾਂ ਦੀ ਦਿਲਚਸਪੀ ਤੇ ਯੋਗਤਾ ਮੁਤਾਬਕ ਰਾਹ ਪਾ ਦਿੱਤਾ ਜਾਵੇ ਤਾਂ ਉਹ ਬੇਰੁਜ਼ਗਾਰੀ ਦਾ ਸ਼ਿਕਾਰ ਹੋਣ ਤੋਂ ਬਚ ਸਕਦੇ ਤੇ ਕਮਾਲ ਕਰ ਕੇ ਦੱਸ ਸਕਦੇ ਹਨ। ਖੈਰ! ਅਸੀਂ ਦੋਵੇਂ ਉਨ੍ਹਾਂ ਦੇ ਮਕਾਨ ਦੀ ਚੱਠ ਉੱਤੇ ਚਾਈਂ ਚਾਈਂ ਪਹੁੰਚੇ। ਉਨ੍ਹਾਂ ਦੇ ਮਕਾਨ ਅਤੇ ਆਓਭਗਤ ਨੇ ਸਾਡਾ ਮਨ ਮੋਹ ਲਿਆ। ਉਨ੍ਹਾਂ ਨੇ ਘਰ ਮੁੜਦਿਆਂ ਵਿਆਹ ਉੱਤੇ ਆਉਣ ਲਈ ਵੀ ਕਹਿ ਦਿੱਤਾ ਸੀ।

# ਨਸੀਹਤ

-ਅਮਰਜੀਤ ਸਿੰਘ ਮਾਨ

ਰਛਪਾਲ ਮੇਰਾ ਪ੍ਰਇਮਰੀ ਸਕੂਲ ਵੇਲੇ ਆੜੀ ਸੀ। ਅੱਜ ਵੀ ਹੈ। ਪੜ੍ਹਨ ਵਿੱਚ ਉਹ ਭਾਵੇਂ ਕਾਫ਼ੀ ਹੁਸ਼ਿਆਰ ਸੀ ਪਰ ਕਿਸੇ ਕਾਰਨ ਉਹ ਪੰਜਵੀਂ ਤੋਂ ਬਾਅਦ ਸਕੂਲੀ ਪੜ੍ਹਾਈ ਜਾਰੀ ਨਾ ਰੱਖ ਸਕਿਆ। ਮਜ਼ਦੂਰ ਮਾਪਿਆਂ ਨੇ ਉਸ ਨੂੰ ਸਕੂਲੋਂ ਹਟਾ ਕੇ ਨੰਬਰਦਾਰਾਂ ਨਾਲ ਮੱਝਾਂ ਦਾ ਪਾਲੀ ਰਲਾ ਦਿੱਤੀ। ਅੱਜਕੱਲ੍ਹ ਉਹ ਪੁਰਾਣੇ ਮਕਾਨ ਢਾਹੁਣ ਦੇ ਠੇਕੇ ਲੈਂਦਾ ਠੇਕੇਦਾਰ ਕਹਾਉਂਦਾ। ਮਜ਼ਦੂਰਾਂ ਨਾਲ ਖੁਦ ਕੰਮ ਕਰਦਾ। ਬੀਮ ਜਾਂ ਲੈਂਟਰ ਤੋੜਨ ਲਈ ਘਣਾਂ ਦੀ ਲੋੜ ਹੁੰਦੀ ਹੈ। ਲਗਾਤਾਰ ਘਣ ਚੱਲਦਾ ਰਹਿੰਦਾ ਅਤੇ ਉਹ ਦੀ ਦੇਹ ਵੀ ਘਣ ਵਰਗੀ ਬਣ ਗਈ ਹੈ। ਨਾ ਸੂਤ ਭਰ ਮਾਸ ਘੱਟ, ਨਾ ਸੂਤ ਭਰ ਚਰਬੀ ਵੱਧ। ਜਮਾਂ ਲੋਹੇ ਵਰਗਾ। ਘਣ ਚਲਾਉਂਦਾ ਚਲਾਉਂਦਾ ਖੁਦ ਘਣ ਵਰਗਾ ਬਣ ਗਿਆ।

ਦੂਜੇ ਪਾਸੇ, ਕਣਕ-ਝੋਨੇ ਦੇ ਫ਼ਸਲੀ ਚੱਕਰ ਨੇ ਇੱਕ ਹਿਸਾਬ ਨਾਲ ਕਿਸਾਨ ਨੂੰ ਵਿਹਲਿਆਂ ਵਰਗੇ ਕਰ ਦਿੱਤਾ। ਅੱਧ ਨਵੰਬਰ ਤੋਂ ਅੱਧ ਅਪ੍ਰੈਲ ਤੱਕ ਛੇ ਮਹੀਨਿਆਂ ਵਿੱਚ ਦਸ-ਬਾਰਾਂ ਏਕੜ ਤੱਕ ਦੀ ਵਾਹੀ ਵਾਲੇ ਕਿਸਾਨ ਲਈ ਮਸੀਂ ਵੀਹ ਕੁ ਦਿਨ ਕੰਮ ਦੇ ਹੁੰਦੇ ਹਨ। ਉਹ ਸਿਆਲਾਂ ਵਿੱਚ ਸਰੋਂ ਦੇ ਸਾਗ ਨਾਲ ਮੱਕੀ ਜਾਂ ਬਾਜਰੇ ਦੀਆਂ ਚਾਰ-ਪੰਜ ਰੋਟੀਆਂ ਲਪੇਟ ਕੇ ਧੂੰਣੀਆਂ ਸੇਕਦੇ ਟਪਾ ਦਿੰਦੇ। ਰਹਿੰਦੀ ਕਸਰ ਘਰ ਦਾ ਬਣਿਆ ਖੋਆ ਅਤੇ ਗਾਜਰ-ਪਾਕ ਪੂਰੀ ਕਰ ਦਿੰਦੇ ਨੇ।

ਪਿਛਲੇ ਦਿਨੀਂ ਅਜਿਹੀ ਸਬੱਬ ਬਣਿਆ ਕਿ ਰਛਪਾਲ ਦੀ ਸੁਭਾਵਿਕ ਕਹੀ ਗੱਲ ਨੇ ਸਿਹਤ ਪੱਖੋਂ ਸੋਚਣ ਲਈ ਮਜ਼ਬੂਰ ਕਰ ਦਿੱਤਾ। ਖੈਰ ਸਬਜ਼ੀ ਵਾਲੀ ਬਾੜੀ ਤਿਆਰ ਕਰਨ ਲਈ ਅਸੀਂ ਪਿੰਡ ਦੀ ਫਿਰਨੀ ਤੇ ਲੱਗੀ ਰੂੜੀ ਤੋਂ ਰੇਹ ਦੀ ਟਰਾਲੀ ਭਰ ਰਹੇ ਸੀ। ਦੁਪਹਿਰ ਵੇਲੇ ਕੰਮ ਤੋਂ ਵਾਪਸ ਜਾਂਦਾ ਰਸ਼ਪਾਲ ਸਾਡੇ ਕੋਲ ਖੜ੍ਹ ਗਿਆ, ''ਕਿਮੇਂ ਪੰਜ ਸੱਤ ਟੱਕ ਸਿਟ ਕੇ ਸਾਹ ਭਰਨ ਲੱਗ ਜਾਣੇ ਓਂ, ਭਰੀ ਖੜ੍ਹੀ ਆ ਏਸ ਲੋਟ ਤਾਂ ਟਰਾਲੀ!'' ਗੱਲਾਂ ਕਰਦਿਆਂ ਉਹਨੇ ਸਾਨੂੰ ਛੇੜਿਆ।

''ਕੰਮ ਕਰਨੋਂ ਹਟੇ ਪਏ ਆਂ। ਕਦੇ ਖਾਲ, ਵੱਟ ਨ੍ਹੀਂ ਸਮਾਰੇ, ਸਪਰੇਅ ਮਾਰ ਦੇਈਦੀ ਆ। ਨਾ ਪੈਰਾਂ ਭਾਰ ਬਹਿ ਕੇ ਕੱਖ-ਪੱਠੇ ਵੱਢੇ ਨੇ। ਕੁਤਰਾ ਕਰਨ ਲਈ ਮੋਟਰਾਂ ਚਲਦੀਆਂ। ਤੁਰ ਕੇ ਖੇਤ ਜਾਣਾ ਤਾਂ ਦੂਰ, ਸਾਈਕਲ ਵੀ ਤੂੜੀ ਆਲੀ ਸਵਾਤ ਵਿੱਚ ਸਿਟ ਉੱਤੇ। ਗੱਲ ਮੁਕਾ, ਟੋਭੇ ਕੰਨੀ ਜਾਣ ਵਾਸਤੇ ਤੁਰਨਾ ਛੱਡ ਤਾਂ ਕਹੀ ਚਲਾਉਣ ਵੇਲੇ ਸਾਹ ਈ ਚੜ੍ਹਨਾ, ਹੋਰ ਕੀ..।'' ਮੇਰਾ ਵੀੜ੍ਹੀਆ (ਆਵਤੀ) ਬੋਲਿਆ।

ਰਸ਼ਪਾਲ ਹੱਸ ਪਿਆ, ''ਜਦੋਂ ਕੰਮ ਕਰਕੇ ਰਾਜ਼ੀ ਈ ਨਈਂ, ਫੇਰ ਕੋਈ ਲੋਡਰ ਪੁੱਛ ਲੈਣਾ ਸੀ। ਛੇ ਸੱਤ ਬਾਸਕਟਾਂ ਵਿੱਚ ਟਰਾਲੀ ਭਰ ਜਾਂਦਾ।''

''ਪੁੱਛਿਆ ਸੀ। ਭੂਤਾਂ ਦਾ ਲੋਡਨ ਵਾਲਾ ਮੁੰਡਾ ਸਹੁਰੀਂ ਗਿਆ ਹੋਇਆ। ਕੋਈ ਚਲਾਉਣ ਵਾਲਾ ਹੈ ਨਹੀਂ ਸੀ। ਫੇਰ ਸੋਚਿਆ, ਲੱਗਿਆ ਤਾਂ ਚੂਹਾ ਮਾਣ ਨ੍ਹੀਂ ਹੁੰਦਾ, ਖੱਡ ਪੁੱਟਦਾ ਪਤਾਲ ਤੱਕ ਵਗ ਜਾਂਦਾ। ਅਸੀਂ ਫੇਰ ਦੋ ਬੰਦੇ ਆਂ। ਆਪ ਈ ਭਰ ਲਾਂਗੇ, ਔਖੇ ਸੌਖੇ।'' ਮੈਂ ਆਪਣੇ ਥਾਂ ਸਹੀ ਸੀ।

''ਉਰਾਂ ਫੜਾ..'', ਸਾਈਕਲ ਸਟੈਂਡ ਉਤੇ ਲਾਉਂਦਿਆਂ ਉਹ ਬੋਲਿਆ ਤੇ ਮੇਰੇ ਹੱਥੋਂ ਕਹੀ ਫੜ ਲਈ,'' ਦੇਖਿਆ! ਚਮਚੇ ਜਿੱਡੀ ਕਹੀ ਲਈ ਫਿਰਦੇ ਓ, ਕਰੋਗੇ ਕਮਾਈਆਂ!'' ਛੋਟੇ ਆਕਾਰ ਦੀ ਕਹੀ ਦੇਖ ਕੇ ਉਹਨੂੰ ਮੈਨੂੰ ਫੇਰ ਛੇੜਿਆ, ''ਲੈ ਟੱਕ ਗਿਣੀ ਚੱਲ, ਕਿੰਨੇ ਡਿਗਦੇ ਆ!''

''ਇੱਕ.. ਦੋ.. ਸੱਤ.. ਪੰਦਰਾਂ.. ਸੋਲਾਂ.. ਛੱਬੀ.. ਸਤਾਈ.. 'ਕੱਤੀ.. ਬੱਤੀ.. ਪੈਂਤੀ!'' ਮੈਂ ਨਾਲੇ ਗਿਣੀ ਜਾਵਾਂ ਅਤੇ ਨਾਲੇ ਵੀੜ੍ਹੀਏ ਵੱਲ ਦੇਖ ਕੇ ਮੁਸਕਰਾਈ ਜਾਵਾਂ। ਲਗਾਤਾਰ ਪੈਂਤੀ ਟੱਕ ਸੁੱਟ ਕੇ ਉਹ ਸਾਹ ਲੈਣ ਲਈ ਰੁਕਿਆ। ਥੋੜ੍ਹਾ ਸਾਹ ਭਰ ਕੇ ਬੋਲਿਆ, ''ਜਿੰਦ ਜਿੰਦ ਕੇ ਅਸੀਂ ਵੀਹ ਵੀਹ ਘਣ ਲਗਾਤਾਰ ਚਲਾ ਦਿੰਨੇ ਆਂ।''

ਲਗਾਤਾਰ ਚੱਲੀ ਕਹੀ ਨੇ ਟਰਾਲੀ ਦਾ ਖੂੰਜਾ ਉਗਾਸ ਦਿੱਤਾ ਸੀ।''ਲੈ ਫ਼ੜ'', ਕਹੀ ਮੈਨੂੰ ਫੜਾਉਂਦਾ ਉਹ ਬੋਲਿਆ, ''ਸਰੀਰ ਨੂੰ ਤਾੜ ਕੇ ਰੱਖਿਆ ਕਰੋ, 'ਚਾਰ ਨ੍ਹੀਂ ਪਾਉਣਾ ਹੁੰਦਾ ਇਹਦਾ, ਬਈ ਦੋ ਚਾਰ ਕਿਲੋ ਵੱਧ ਪੈਜੂ। ਮੁੜ੍ਹਕਾ ਨਿਕਲਦਾ ਰਹੇ ਤਾਂ ਬੰਦਾ ਤੰਦਰੁਸਤ ਰਹਿੰਦਾ।'' ਮਜ਼ਾਕ ਵਿੱਚ ਗੰਭੀਰ ਨਸੀਹਤ ਦਿੰਦਿਆਂ ਉਹਨੇ ਸਾਈਕਲ ਸਟੈਂਡ ਤੋਂ ਲਾਹਿਆ ਤੇ ਤੁਰ ਗਿਆ।

ਉਹਦੀ ਗੱਲ ਸੁਣ ਕੇ ਵੀੜੀਆ ਪਹਿਲਾਂ ਆਪਣੇ ਤੇ ਫਿਰ ਮੇਰੇ ਸਰੀਰ ਵੱਲ ਝਾਕਿਆ, ''ਗੱਲ ਤਾਂ ਸਹੀ ਕਹਿ ਕੇ ਗਿਆ ਯਾਰ, ਕੱਦ ਅਤੇ ਉਮਰ ਦੇ ਅੰਦਾਜ਼ੇ ਮੁਤਾਬਕ ਜੇ 'ਸ੍ਹਾਬ ਲਾਈਏ, ਵਜ਼ਨ ਹੈ ਤਾਂ ਦਸ ਦਸ ਕਿੱਲੋ ਵੱਧ ਈ ਆ। ਛਾਂਟੀਏ ਸਰੀਰ ਕਿ ਨਹੀਂ?'' ਉਹ ਬੋਲਿਆ।

''ਸ਼ੁਭ ਕੰਮ ਵਿੱਚ ਦੇਰੀ ਕਿਉਂ! ਅੱਜ ਤੋਂ ਈ ਛਾਂਗਣ ਲੱਗ ਪਈਏ!'' ਮੈਂ ਹੁੰਗਾਰਾ ਭਰਿਆ।

''ਅੱਜ ਤੋਂ ਕਿਉਂ, ਖੜੇ ਪੈਰ ਕਿਉਂ ਨ੍ਹੀਂ!'' ਆਪਣੀ ਕਹੀ ਸੰਭਾਲਦਾ ਉਹ ਹੱਸਿਆ।

''ਕੱਲੀ ਟਰਾਲੀ ਭਰ ਕੇ ਈ ਨ੍ਹੀਂ ਗੱਲ ਬਣਨੀ, ਕੋਈ ਲੰਮੇ ਸਮੇਂ ਦੀ ਪਲੈਨਿੰਗ ਕਰਾਂਗੇ..।'' ਬਿਨਾਂ ਹੱਸੇ ਮੇਰਾ ਜਵਾਬ ਸੀ। ..ਤੇ ਅਸੀਂ ਦਬਾ-ਦਬਾ ਟਰਾਲੀ ਭਰਨ ਲੱਗ ਪਏ।

# ਭਾਰਤ ਦੀ ਕੌਮੀ ਪੱਧਰ ਦੀ ਖੋਜ ਸੰਸਥਾ ਕਰਿਡ ਦੀ ਹੋਂਦ ਖਤਰੇ ਵਿੱਚ

*** ਕੇਂਦਰ ਤੇ ਪੰਜਾਬ ਸਰਕਾਰ ਦੋਵਾਂ ਤੋਂ ਗ੍ਰਾਂਟ ਮਿਲਣੀ ਬੰਦ * ਸਕਾਲਰਾਂ, ਸਟਾਫ ਨੂੰ 9 ਮਹੀਨੇ ਤੋਂ ਤਨਖਾਹਾਂ ਦੀ ਉਡੀਕ**

ਚੰਡੀਗੜ੍ਹ, 11 ਅਪ੍ਰੈਲ (ਪੋਸਟ ਬਿਊਰੋ)- ਉਤਰ-ਪੱਛਮੀ ਭਾਰਤ ਦੀ ਕੌਮੀ ਦਰਜੇ ਵਾਲੀ ਖੋਜ ਸੰਸਥਾ ‘ਕਰਿਡ' ਦੀ ਹੋਂਦ ਇਸ ਵਕਤ ਖਤਰੇ ਵਿੱਚ ਹੈ। ‘ਕਰਿਡ' ਦੇ ਸਕਾਲਰ, ਸਟਾਫ ਅਤੇ ਮੁਲਾਜ਼ਮ 9 ਮਹੀਨੇ ਤੋਂ ਤਨਖਾਹਾਂ ਉਡੀਕ ਰਹੇ ਹਨ। ਡਰ ਇਹ ਹੈ ਕਿ ਵਿੱਤੀ ਸੰਕਟ ਕਿਤੇ ਇਸ ਖੁਦਮੁਖਤਿਆਰ ਅਦਾਰੇ ਦੇ ਬੂਹੇ ਨਾ ਬੰਦ ਕਰ ਦੇਵੇ।

ਮਿਲੀ ਜਾਣਕਾਰੀ ਅਨੁਸਾਰ ਇੰਡੀਅਨ ਕੌਂਸਲ ਆਫ ਸੋਸ਼ਲ ਸਾਇੰਸ ਰਿਸਰਚ (ਆਈ ਸੀ ਐਸ ਐਸ ਆਰ) ਤੋਂ ਵਿੱਤੀ ਸਹਾਇਤਾ ਵਾਲੀਆਂ 26 ਖੋਜ ਸੰਸਥਾਵਾਂ ਵਿੱਚੋਂ ਇੱਕ ਇਹ ਚੰਡੀਗੜ੍ਹ ਦਾ ‘ਕਰਿਡ' ਹੈ ਜਿਸ ਕੋਲ ਸੱਠ ਦੇ ਕਰੀਬ ਸਟਾਫ ਹੈ। ਕੇਂਦਰ ਸਰਕਾਰ ਤੋਂ ਇਸ ਖੋਜ ਸੰਸਥਾ ਨੂੰ 45 ਫੀਸਦੀ ਗਰਾਂਟ ਮਿਲਦੀ ਹੈ ਅਤੇ 1985 ਤੋਂ ਪੰਜਾਬ ਸਰਕਾਰ ‘ਕਰਿਡ' ਨੂੰ ਮੈਚਿੰਗ ਗਰਾਂਟ ਦਿੰਦੀ ਰਹੀ ਹੈ। ਕਰਿਡ ਦੇ ਮੋਢੀ ਰਛਪਾਲ ਮਲਹੋਤਰਾ ਅੱਜ ਇਸ ਦੁਨੀਆ ਵਿੱਚ ਨਹੀਂ, ਪਰ ਇਸ ਕੌਮੀ ਸੰਸਥਾ ਨਾਲ ਜੁੜੀਆਂ ਵੱਡੀਆਂ ਹਸਤੀਆਂ ਨੂੰ ਅੱਜ ਵੀ ਇਸ ਦਾ ਮਾਣ ਹਨ। ਇਨ੍ਹਾਂ ਵਿੱਚ ਡਾਕਟਰ ਮਨਮੋਹਨ ਸਿੰਘ, ਪੀ ਐਨ ਹਕਸਰ, ਉਦਯੋਗਪਤੀ ਕੇਸ਼ਵ ਮਹਿੰਦਰਾ, ਪ੍ਰਸਿੱਧ ਮੈਥ ਪ੍ਰੋਫੈਸਰ ਆਰ ਪੀ ਬਾਂਬਾ, ਟੀ ਕੇ ਏ ਨਾਇਰ, ਸਾਬਕਾ ਕੇਂਦਰੀ ਮੰਤਰੀ ਪ੍ਰੋਫੈਸਰ ਮੁਰਲੀ ਮਨੋਹਰ ਜੋਸ਼ੀ ਅਤੇ ਡਾਕਟਰ ਸਰਦਾਰਾ ਸਿੰਘ ਜੌਹਲ ਆਦਿ ਸ਼ਾਮਲ ਹਨ। ਸਾਲ 2015 ਤੋਂ ਕਰਿਡ ਪੰਜਾਬ ਯੂਨੀਵਰਸਿਟੀ ਤੋਂ ਮਾਨਤਾ ਪ੍ਰਾਪਤ ਖੋਜ ਕੇਂਦਰ ਵਜੋਂ ਅਰਥ ਵਿਗਿਆਨ ਤੇ ਸਮਾਜ ਵਿਗਿਆਨ ਵਿੱਚ ਪੀ ਐਚ ਡੀ ਚਲਾ ਰਿਹਾ ਹੈ, ਜਿਸ ਵਿੱਚ ਇਸ ਵੇਲੇ 35 ਸਕਾਲਰ ਖੋਜ ਕਰ ਰਹੇ ਹਨ।

ਪਤਾ ਲੱਗਾ ਹੈ ਕਿ ਅਪ੍ਰੈਲ 2021 ਤੋਂ ਕਰਿਡ ਨੂੰ ਕੇਂਦਰ ਨੇ ਮਦਦ ਦੇਣੀ ਬੰਦ ਕੀਤੀ ਹੈ। ਪੰਜਾਬ ਸਰਕਾਰ ਤੋਂ ਵੀ ਅਦਾਰੇ ਨੂੰ ਮੈਚਿੰਗ ਗ੍ਰਾਂਟ ਨਹੀਂ ਮਿਲੀ। ਕਰਿਡ ਮੈਨੇਜਮੈਂਟ ਨੇ ਜੂਨ 2021 ਤਕ ਆਪਣੇ ਵਸੀਲਿਆਂ ਤੋਂ ਤਨਖਾਹਾਂ ਆਦਿ ਦਿੱਤੀਆਂ। ਜੁਲਾਈ 2021 ਤੋਂ ਮੈਨੇਜਮੈਂਟ ਨੇ ਵੀ ਹੱਥ ਖੜ੍ਹੇ ਕਰ ਦਿੱਤੇ। ਕਰਿਡ ਵਿਚ ਨਹਿਰੂ ਸੈਲ ਚੇਅਰ ਦੇ ਪ੍ਰੋਫੈਸਰ ਤੋਂ ਵੀ ਕੇਂਦਰ ਸਰਕਾਰ ਨੇ ਹੱਥ ਖਿੱਚ ਲਏ ਹਨ। ਇਸ ਚੇਅਰ ਉੱਤੇ ਕੰਮ ਕਰਦੇ ਡਾਕਟਰ ਰਣਜੀਤ ਸਿੰਘ ਘੁੰਮਣ ਜੁਲਾਈ 2021 ਵਿੱਚ ਕਰਿਡ ਛੱਡ ਚੁੱਕੇ ਹਨ। ਕਰਿਡ ਇੰਪਲਾਈਜ਼ ਵੈਲਫੇਅਰ ਐਸੋਸੀਏਸ਼ਨ ਦੇ ਕੁਝ ਆਗੂਆਂ ਮੁਤਾਬਕ ਕਿਸੇ ਪ੍ਰਬੰਧਕੀ ਮੁੱਦੇ ਬਾਰੇ ਕੇਂਦਰ ਸਰਕਾਰ ਨੇ ਗ੍ਰਾਂਟ ਰੋਕੀ ਹੈ ਜਿਸ ਦੇ ਹੱਲ ਲਈ ਕੇਂਦਰ ਦਾ ਰੁਖਸੁਖਾਵਾਂ ਨਹੀਂ। ਉਨ੍ਹਾਂ ਕਿਹਾ ਕਿ ਖੋਜ ਸੰਸਥਾ ਅੰਤਿਮ ਸ਼ਾਹਾਂ ਉੱਤੇ ਹੈ ਤੇ ਉਨ੍ਹਾਂ ਸੰਸਥਾ ਦੇ ਬਚਾਓ ਲਈ ਕੇਂਦਰ ਅਤੇ ਪੰਜਾਬ ਸਰਕਾਰ ਨੂੰ ਪੱਤਰ ਲਿਖੇ ਹਨ। ਚਾਰ ਸਾਲ ਪਹਿਲਾਂ ਆਈ ਸੀ ਐਸ ਐਸ ਆਰ ਵੱਲੋਂ ਕਰਿਡ ਦੀ ਕਾਰਜ ਪ੍ਰਣਾਲੀ ਬਾਰੇ ਪੜਤਾਲ ਕਮੇਟੀ ਬਣੀ ਸੀ ਅਤੇ ਇਸ ਪੜਤਾਲ ਕਮੇਟੀ ਨੇ ਪ੍ਰਬੰਧਕੀ ਖਾਮੀਆਂ ਉੱਤੇ ਉਂਗਲ ਧਰੀ ਸੀ।

ਪੰਜਾਬੀ ਯੂਨੀਵਰਸਿਟੀ ਦੇ ਗੁਰੂ ਕਾਸ਼ੀ ਕਾਲਜ ਤਲਵੰਡੀ ਸਾਬੋ ਦੇ ਇਕਨਾਮਿਕਸ ਦੇ ਅਧਿਆਪਕ ਬਲਦੇਵ ਸਿੰਘ ਸ਼ੇਰਗਿੱਲ ਨੇ ਕਿਹਾ ਕਿ ਮੈਨੇਜਮੈਂਟ ਵੀ ਅੱਜ ਦੇ ਹਾਲਾਤ ਲਈ ਜ਼ਿੰਮੇਵਾਰ ਹੈ। ਕੇਂਦਰ ਨੇ ਅਜਿਹੇ ਸਭ ਅਦਾਰਿਆਂ ਤੋਂ ਮੁੱਖ ਮੋੜਿਆ ਹੈ, ਪਰ ਇਹ ਅਦਾਰੇ ਬਚਣੇ ਜ਼ਰੂਰੀ ਹਨ ਜਿਸ ਲਈ ਸਿਵਲ ਸੁਸਾਇਟੀ ਨੂੰ ਅੱਗੇ ਆਉਣਾ ਚਾਹੀਦਾ ਹੈ।ਅਰਥ ਸ਼ਾਸਤਰੀ ਡਾਕਟਰ ਰਣਜੀਤ ਸਿੰਘ ਘੁੰਮਣ ਨੇ ਕਿਹਾ ਕਿ ਇਨ੍ਹਾਂ ਅਦਾਰਿਆਂ ਦੀ ਅਣਹੋਂਦ ਵਿੱਚ ਸਰਕਾਰਾਂ ਆਜ਼ਾਦ ਪੱਖ ਜਾਂ ਥਰਡ ਪਾਰਟੀ ਮੁਲਾਂਕਣ ਗੁਆ ਲੈਣਗੀਆਂ।

ਦਿਹਾਤੀ ਤੇ ਉਦਯੋਗਿਕ ਵਿਕਾਸ ਲਈ ਖੋਜ ਸੰਸਥਾ (ਕਰਿਡ) 1979 ਵਿੱਚ ਚੰਡੀਗੜ੍ਹ ਦੀ ਇੱਕ ਕੋਠੀ ਦੇ ਗੈਰਾਜ ਵਿੱਚ ਸ਼ੁਰੂ ਹੋਈ ਸੀ ਜਿਸ ਨੇ ਫਿਰ ਵੱਡੀ ਖੋਜ ਸੰਸਥਾ ਦਾ ਰੁਤਬਾ ਹਾਸਲ ਕਰ ਲਿਆ। ਇਸ ਅਦਾਰੇ ਨੂੰ ਸਾਲਾਨਾ ਕਰੀਬ ਦੋ ਕਰੋੜ ਰੁਪਏ ਕੇਂਦਰੀ ਗਰਾਂਟ ਮਿਲਦੀ ਹੈ ਤੇ ਨਾਲ ਪੰਜਾਬ ਸਰਕਾਰ ਮੈਚਿੰਗ ਗਰਾਂਟ ਦਿੰਦੀ ਹੈ। ‘ਕਰਿਡ' ਨੇ ਸੈਂਕੜੇ ਖੋਜ ਪ੍ਰੋਜੈਕਟਾਂ ਨਾਲ ਇੱਕ ਸੌ ਦੇ ਕਰੀਬ ਕਿਤਾਬਾਂ ਅਤੇ ਰਿਪੋਰਟਾਂ ਛਾਪੀਆਂ ਹਨ। ਪੰਚਾਇਤ ਪ੍ਰਤੀਨਿਧਾਂ ਨੂੰ ਸਿਖਲਾਈ ਦੇਣ ਤੋਂ ਇਲਾਵਾ ਇਸ ਸੰਸਥਾ ਦੇ ਖੋਜ ਕਾਰਜਾਂ ਨੇ ਵਿਕਾਸ ਤੇ ਪ੍ਰਸ਼ਾਸਨਿਕ ਨੀਤੀਆਂ ਵਿੱਚਵੱਡਾ ਹਿੱਸਾ ਪਾਇਆ ਹੈ।

# ਪੰਜਾਬ ਵਿੱਚ ਦੋ ਰੁਪਏ ਕਿੱਲੋ ਕਣਕ ਦੀ ਥਾਂ ਆਟੇ ਦੀ ਥੈਲੀ ਮਿਲਿਆ ਕਰੇਗੀ

ਜਲੰਧਰ, 11 ਅਪ੍ਰੈਲ (ਪੋਸਟ ਬਿਊਰੋ)- ਪੰਜਾਬ ਦੇ 38 ਲੱਖ ਤੋਂ ਵੱਧ ਖਪਤਕਾਰਾਂ ਨੂੰ ਕੌਮੀ ਖ਼ੁਰਾਕ ਸੁਰੱਖਿਆ ਐਕਟ ਦੇ ਲਈ ਦਿੱਤੀ ਜਾਂਦੀ ਕਣਕ ਦੀ ਥਾਂ ਆਟਾ ਦੇਣ ਦੀ ਯੋਜਨਾ ਨੂੰ ਅਗਲੇ ਸਮੇਂ ਵਿੱਚ ਲਾਗੂ ਕੀਤੇ ਜਾਣ ਦੀ ਤਿਆਰੀ ਸ਼ੁਰੂ ਹੋ ਗਈ ਹੈ। ਇਸ ਤੋਂ ਪਹਿਲਾਂ ਅਕਾਲੀ-ਭਾਜਪਾ ਸਰਕਾਰ ਰਾਜ ਵਿੱਚ ਲੋਕਾਂ ਨੂੰ ਸੁਨਹਿਰਾ ਪੰਜਾਬ ਪਲੱਸ ਨਾਂਅ ਦੀ ਸਕਮਿ ਸ਼ੁਰੂ ਕੀਤੀ ਗਈ ਸੀ, ਪਰ ਆਟਾ ਸਪਲਾਈ ਦੇ ਮਾਮਲੇ ਵਿੱਚ ਕਈ ਵਾਰ ਸ਼ਿਕਾਇਤਾਂ



ਤੋਂ ਬਾਅਦ ਇਸ ਨੂੰ ਉਸ ਵੇਲੇ ਬੰਦ ਕਰ ਦਿੱਤਾ ਗਿਆ। ਕੁਝ ਸਮਾਂ ਪਹਿਲਾਂ ਰਾਜ ਦੇ ਖਪਤਕਾਰ ਮਾਮਲਿਆਂ ਬਾਰੇ ਵਿਭਾਗ ਨੇ ਕਣਕ ਦਾ ਆਟਾ ਤਿਆਰ ਕਰਨ ਦਾ ਕੰਮ ਲੈਣ ਲਈ ਉਨ੍ਹਾਂ ਆਟਾ ਮਿੱਲਾਂ ਅਤੇ ਚੱਕੀਆਂ ਨੂੰ ਸੱਦਾ ਦਿੱਤਾ ਹੈ ਜਿਹੜੀਆਂ ਰੋਜ਼ਾਨਾ 100 ਮੀਟਰਿਕ ਟਨ ਆਟਾ ਤਿਆਰ ਕਰਨ ਵਿੱਚ ਸਮਰੱਥ ਹੋਣ। ਹਾਲੇ ਤਕ ਪੰਜਾਬ ਸਰਕਾਰ ਵੱਲੋਂ ਦੋ ਰੁਪਏ ਕਿੱਲੋ ਵਾਲੀ ਕਣਕ ਸਾਲ ਵਿੱਚ ਦੋ ਵਾਰ ਲੋਕਾਂ ਨੂੰ ਦਿੱਤੀ ਜਾਂਦੀ ਹੈ। ਪ੍ਰਤੀ ਵਿਅਕਤੀ ਛੇ ਮਹੀਨੇ ਦੀ 30 ਕਿੱਲੋ ਕਣਕ ਇਕੱਠੀ ਦਿੱਤੀ ਜਾਂਦੀ ਹੈ।

ਵਿਭਾਗ ਦੀ ਯੋਜਨਾ ਮੁਤਾਬਕ ਆਟਾ 5 ਤੋਂ 10 ਕਿੱਲੋ ਵਾਲੀਆਂ ਥੈਲੀਆਂ ਵਿੱਚ ਦਿੱਤਾ ਜਾਵੇਗਾ। ਅਕਾਲੀ-ਭਾਜਪਾ ਸਰਕਾਰ ਵੇਲੇ ਵੀ ਵੱਡੀਆਂ ਮਿੱਲਾਂ ਵੱਲੋਂ ਆਟੇ ਦੀ ਪਿਸਾਈ ਕਰਕੇ ਲੋਕਾਂ ਨੂੰ ਦਿੱਤੀ ਜਾਂਦੀ ਸੀ। ਉਸ ਵੇਲੇ ਆਟਾ ਦੇਣ ਦੀ ਸਕੀਮ ਨੂੰ ਕਾਫ਼ੀ ਝਟਕਾ ਲੱਗਾ ਜਦੋਂ ਆਟਾ ਕਈ-ਕਈ ਦਿਨ ਤਕ ਡੀਪੂਆਂ ਉੱਤੇ ਪਿਆ ਰਹਿੰਦਾ ਸੀ ਤਾਂ ਇਸ ਨਾਲ ਕੁਝ ਦਿਨ ਬਾਅਦ ਸੁੰਡੀਆ ਪੈਣੀਆਂ ਸ਼ੁਰੂ ਹੋ ਜਾਂਦੀਆਂ ਸੀ। ਆਮ ਆਦਮੀ ਪਾਰਟੀ ਦੀ ਨਵੀਂ ਸਰਕਾਰ ਆਟਾ ਦੇਣ ਦੀ ਯੋਜਨਾ ਨੂੰ ਕਿਸ ਰੂਪ ਅਤੇ ਕਿਵੇਂ ਲਾਗੂ ਕਰੇਗੀ ਇਸ ਦਾ ਇੰਤਜ਼ਾਰ ਕੀਤਾ ਜਾ ਰਿਹਾ ਹੈ।

# ਨਿਸ਼ਾਨ ਸਾਹਿਬ ਚੜ੍ਹਾਉਣ ਸਮੇਂ ਸੇਵਾਦਾਰ 80 ਫੁੱਟ ਤੋਂ ਹੇਠਾਂ ਡਿੱਗਿਆ



ਜਲੰਧਰ, 11 ਅਪ੍ਰੈਲ (ਪੋਸਟ ਬਿਊਰੋ)- ਥਾਣਾ ਬਾਰਦਾਰੀ ਦੇ ਮੁਹੱਲਾ ਗੋਬਿੰਦਗੜ੍ਹ ਦੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਿੱਚ ਨਿਸ਼ਾਨ ਸਾਹਿਬ ਚੜ੍ਹਾਉਣ ਸਮੇਂ ਸੇਵਾਦਾਰ 80 ਫੁੱਟ ਉਚਾਈ ਤੋਂ ਹੇਠਾਂ ਡਿੱਗ ਕੇ ਗੰਭੀਰ ਜ਼ਖਮੀ ਹੋ ਗਿਆ। ਉਸ ਨੂੰ ਪ੍ਰਾਈਵੇਟ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ, ਜਿੱਥੇ ਉਸਦੀ ਇਲਾਜ ਦੌਰਾਨ ਮੌਤ ਹੋ ਗਈ।

ਮ੍ਰਿਤਕ ਦੀ ਪਛਾਣ 51 ਸਾਲਾ ਸੁਖਵਿੰਦਰ ਸਿੰਘ ਸੁੱਖਾ ਪੁੱਤਰ ਸੋਹਣ ਸਿੰਘ ਵਾਸੀ ਅਰਜੁਨ ਨਗਰ ਵਜੋਂ ਹੋਈ ਹੈ। ਸੁਖਵਿੰਦਰ ਸਿੰਘ ਗੁਰਦੁਆਰਾ ਸਾਹਿਬ ਵਿੱਚ ਪਿਛਲੇ ਕਈ ਸਾਲਾਂ ਤੋਂ ਨਿਸ਼ਾਨ ਸਾਹਿਬ ਚੜ੍ਹਾਉਣ ਦੀ ਸੇਵਾ ਕਰ ਰਿਹਾ ਸੀ। ਕੱਲ੍ਹ ਨਿਸ਼ਾਨ ਸਾਹਿਬ ਬਦਲਣ ਸਮੇਂ ਟਰਾਲੀ ਦੀ ਤਾਰ ਟੁੱਟਣ ਨਾਲ ਹਾਦਸਾ ਵਾਪਰ ਗਿਆ ਅਤੇ ਦੋ ਲੋਕ ਜ਼ਖ਼ਮੀ ਹੋ ਗਏ।ਸੁਖਵਿੰਦਰ ਸਿੰਘ ਦੇ ਤਿੰਨ ਲੜਕੇ ਹਨ, ਜਿਨ੍ਹਾਂ ਵਿੱਚੋਂ ਦੋ ਲੜਕੇ ਕੈਨੇਡਾ ਅਤੇ ਅਮਰੀਕਾ ਵਿੱਚ ਰਹਿੰਦੇ ਹਨ। ਇੱਕ 18 ਸਾਲਾ ਲੜਕਾ ਨਾਲ ਹੀ ਰਹਿੰਦਾ ਹੈ।

# ਚਿੱਟੇ ਦਿਨ ਐਨ ਆਰ ਆਈ ਤੋਂ ਲੜਕੀ ਤੇ ਦੋ ਨੌਜਵਾਨਾਂ ਨੇ ਕਾਰ ਲੁੱਟੀ

ਗੁਰਾਇਆ, 11 ਅਪ੍ਰੈਲ (ਪੋਸਟ ਬਿਊਰੋ)- ਦਿਨ ਦਿਹਾੜੇ ਇੱਕ ਔਰਤ ਤੇ ਦੋ ਨੌਜਵਾਨਾਂ ਵੱਲੋਂ ਹਥਿਆਰਾਂ ਦੀ ਨੋਕ ਉੱਤੇ ਇੱਕ ਐਨ ਆਰ ਆਈ ਪਾਸੋਂ ਉਸ ਦੀ ਕਰੇਟਾ ਕਾਰ ਲੁੱਟ ਕੇ ਫ਼ਰਾਰ ਹੋ ਜਾਣ ਦੀ ਖਬਰ ਹੈ।



ਥਾਣਾ ਗੋਰਾਇਆ ਦੇ ਪਿੰਡ ਦੁਸਾਂਝ ਕਲਾਂ ਦੇ ਐਨ ਆਰ ਆਈ ਜਰਨੈਲ ਸਿੰਘ ਨੇ ਦੱਸਿਆ ਕਿ ਉਹ ਆਪਣੀ ਕਾਰ ਵਿੱਚ ਨੇੜਲੇ ਪਿੰਡ ਲਾਦੀਆਂ ਤੋਂ ਨਾਨੋ ਮਜਾਰਾ ਰੋਡ ਜਾ ਰਿਹਾ ਸੀ, ਅੱਗੋਂ ਰਸਤੇ ਵਿੱਚ ਦੋ ਨੌਜਵਾਨਾਂ ਤੇ ਇੱਕ ਲੜਕੀ ਨੇ ਉਨ੍ਹਾਂ ਨੂੰ ਰੁਕਣ ਲਈ ਇਸ਼ਾਰਾ ਕੀਤਾ ਤਾਂ ਗੱਡੀ ਰੋਕ ਲਈ ਅਤੇ ਨੌਜਵਾਨਾਂ ਨੇ ਮੇਰੇ ਉੱਤੇ ਪਿਸਤੌਲ ਤਾਣ ਕੇ ਮੈਨੂੰ ਗੋਲੀ ਮਾਰਨ ਦੀਆਂ ਧਮਕੀਆਂ ਦਿੰਦੇ ਹੋਏ ਗੱਡੀ ਦੀ ਚਾਬੀ ਖੋਹਣ ਲਈ ਹੱਥੋਪਾਈ ਕੀਤੀ ਅਤੇ ਗੱਡੀ ਲੈ ਕੇ ਫ਼ਰਾਰ ਹੋ ਗਏ।ਜਰਨੈਲ ਸਿੰਘ ਨੇ ਦੱਸਿਆ ਕਿ ਲੁਟੇਰੇ ਉਸਦਾ ਆਈਫੋਨ ਵੀ ਲੈ ਗਏ। ਇਸ ਮੌਕੇ ਡੀ ਐਸ ਪੀ ਫਿਲੌਰ ਨੇ ਕਿਹਾ ਕਿ ਪੁਲਸ ਦੀਆਂ ਪੰਜ ਟੀਮਾਂ ਬਣਾ ਕੇ ਪਿੰਡਾਂ ਵਿੱਚ ਲੱਗੇ ਸੀ ਸੀ ਟੀ ਵੀ ਕੈਮਰਿਆਂ ਦੀ ਫੁਟੇਜ ਚੈਕ ਕੀਤੀ ਜਾ ਰਹੀ ਹੈ।

# ਕਲਾਈਂਟ ਨੇ ਅਸ਼ਲੀਲ ਫੋਟੋ ਦੇ ਝਾਂਸੇ ਵਿੱਚ ਸੀਨੀਅਰ ਐਡਵੋਕੇਟ ਤੋਂ ਦੋ ਲੱਖ ਹੜੱਪੇ

ਜਲੰਧਰ, 11 ਅਪ੍ਰੈਲ (ਪੋਸਟ ਬਿਊਰੋ)- ਸੀਨੀਅਰ ਐਡਵੋਕੇਟ ਤੋਂ ਅਸ਼ਲੀਲ ਫੋਟੋ ਦੇ ਨਾਂਅ ਉੱਤੇ ਦੋ ਲੱਖ ਵਸੂਲ ਲੈਣ ਦਾ ਮਾਮਲਾ ਸਾਹਮਣੇ ਆਇਆ ਹੈ। ਛੇ ਮਹੀਨੇ ਤੋਂ ਬਲੈਕਮੇਲਿੰਗ ਦੇ ਸ਼ਿਕਾਰ ਐਡਵੋਕੇਟ ਦੀ ਸ਼ਿਕਾਇਤ ਉੱਤੇ ਪੁਲਸ ਨੇ ਗ੍ਰੀਨ ਪਾਰ ਵਿੱਚ ਟਰੈਪ ਲਾ ਕੇ ਬਲੈਕਮੇਲਰ ਕਲਾਈਂਟ ਬਲਜਿੰਦਰ ਸਿੰਘ ਪਿੰਡ ਤੁਰਾ (ਅਪਰਾ) ਤੇ ਉਸ ਦੇ ਸਾਥੀ ਰਮਨ ਕੁਮਾਰ ਵਾਸੀ ਮਸਾਨੀ ਨੂੰ ਗ੍ਰਿਫਤਾਰ ਕੀਤਾ। ਚੌਕੀ ਬੱਸ ਅੱਡਾ ਦੀ ਪੁਲਸ ਨੇ ਦੋਵਾਂ ਨੂੰ ਕੋਰਟ ਵਿੱਚ ਪੇਸ਼ ਕੀਤਾ ਜਿੱਥੋਂ 14 ਦਿਨ ਦੀ ਨਿਆਂਇਕ ਹਿਰਾਸਤ ਵਿੱਚ ਜੇਲ੍ਹ ਭੇਜ ਦਿੱਤਾ ਗਿਆ ਹੈ।

ਸੀਨੀਅਰ ਐਡਵੋਕੇਟ ਨੇ ਸ਼ਿਕਾਇਤ ਵਿੱਚ ਦਸਿਆ ਹੈ ਕਿ ਉਹ ਪੰਜਾਹ ਸਾਲ ਤੋਂ ਵਕਾਲਤ ਕਰ ਰਹੇ ਹਨ। ਪੰਜ ਸਾਲਪਹਿਲਾਂ ਬਲਜਿੰਦਰ ਸਿੰਘ ਕੇਸ ਲੈ ਕੇ ਆਇਆ ਅਤੇ ਫਿਰ ਉਸ ਦਾ ਆਮਆਉਣਾ-ਜਾਣਾ ਹੋ ਗਿਆ. ਛੇ ਮਹੀਨੇ ਪਹਿਲਾਂ ਬਲਜਿੰਦਰ ਨੇ ਕਿਹਾ, ਜਦ ਤੁਸੀਂ ਸ਼ਰਾਬ ਪੀ ਰਹੇ ਸੀ ਤਾਂ ਪੈਗ ਵਿੱਚ ਨਸ਼ੇ ਦੀ ਦਵਾ ਮਿਲਾ ਕੇ ਤੁਹਾਡੀ ਅਸ਼ਲੀਲ ਫੋਟੋ ਖਿੱਚ ਲਈ ਸੀ। ਜੇ ਪੈਸੇ ਨਾ ਦਿੱਤੇ ਤਾਂ ਫੋਟੋ ਵਾਇਰਲ ਕਰ ਦੇਵੇਗਾ। ਬਦਨਾਮੀ ਦੇ ਡਰੋਂ 10 ਹਜ਼ਾਰ ਦੇ ਦਿੱਤੇ। ਇੱਕ ਦਿਨ ਬਲਜਿੰਦਰ ਫਿਰ ਆ ਕੇ ਕਹਿਣ ਲੱਗਾ ਕਿ ਪਤਨੀ ਨੇ ਇਹ ਫੋਟੋ ਦੇਖ ਕੇ ਸੁਸਾਈਡ ਦੀ ਕੋਸ਼ਿਸ਼ ਕੀਤੀ ਹੈ। ਉਸ ਨੂੰ ਹਸਪਤਾਲ ਭਰਤੀ ਕਰਾਇਆ ਹੈ। ਬਿੱਲ ਦੇ ਨਾਂਅ ਉੱਤੇ ਉਹ 1.30 ਲੱਖ ਰੁਪਏ ਲੈ ਗਿਆ। ਫਿਰ ਇੱਕ ਅਪ੍ਰੈਲ ਨੂੰ ਗ੍ਰੀਨ ਪਾਰਕ ਏਰੀਏ ਵਿੱਚ ਬੁਲਾ ਕੇ ਪੰਜ ਹਜ਼ਾਰ ਲੈ ਗਿਆ। ਹਰ ਵਾਰ ਬਲਜਿੰਦਰ ਨਾਲ ਉਸ ਦਾ ਦੋਸਤ ਰਮਨ ਆਉਂਦਾ ਸੀ।ਇੱਕ ਹਫਤੇ ਬਾਅਦ ਫੇਰ ਦਸ ਹਜ਼ਾਰ ਮੰਗੇ ਤਾਂ ਐਡਵੋਕੇਟ ਨੇ ਪੁਲਸ ਨੂੰ ਜਾ ਦੱਸਿਆ। ਦੋਸ਼ੀ ਦੇ ਫੋਨ ਦੀ ਜਾਂਚ ਕੀਤੀ ਤਾਂ ਉਸ ਵਿੱਚ ਅਸ਼ਲੀਲ ਫੋਟੋ ਨਹੀਂ ਸੀ। ਬਲਜਿੰਦਰ ਨੇ ਪੁੱਛ-ਗਿੱਛ ਵਿੱਚ ਦੱਸਿਆ, ਪੰਜ ਸਾਲ ਦੌਰਾਨ ਉਹ ਜਾਣ ਚੁੱਕੇ ਸਨ ਕਿ ਐਡਵੋਕੇਟ ਹਮੇਸ਼ਾ ਇੱਜ਼ਤ ਦੀ ਗੱਲ ਕਰਦੇ ਸਨ। ਸ਼ਰਾਬ ਪੀਣ ਪਿੱਛੋਂ ਉਨ੍ਹਾਂ ਨੂੰ ਹੋਸ਼ ਨਹੀਂ ਰਹਿੰਦਾ ਸੀ। ਬਲੈਕਮੇਲਿੰਗ ਦੀ ਸਾਜ਼ਿਸ਼ ਬਣਾਉਂਦੇ ਹੋਏ ਐਡਵੋਕੇਟ ਨੂੰ ਡਰਾਇਆ ਸੀ ਕਿ ਅਸ਼ਲੀਲ ਫੋਟੋ ਖਿੱਚੀ ਹੈ। ਦੋਸ਼ੀ ਨੇ ਮੰਨਿਆ ਕਿ ਛੇ ਮਹੀਨੇ ਦੌਰਾਨ ਕਰੀਬ ਦੋ ਲੱਖ ਰੁਪਏ ਇਸ ਵਕੀਲ ਤੋਂ ਲੈ ਚੁੱਕਾ ਹੈ।

# ਸ਼ਰੀਫ ਪਰਿਵਾਰ ਦੀ ਚੜ੍ਹਦੀ ਕਲਾ ਲਈ ਜਾਤੀ ਉਮਰਾ ਵਿੱਚ ਅਰਦਾਸ

ਤਰਨ ਤਾਰਨ, 11 ਅਪ੍ਰੈਲ (ਪੋਸਟ ਬਿਊਰੋ)- ਪਾਕਿਸਤਾਨ ਦੇ ਪ੍ਰਧਾਨ ਮੰਤਰੀ ਅਹੁਦੇ ਲਈ ਸ਼ਾਹਬਾਜ਼ ਸ਼ਰੀਫ ਦਾ ਨਾਂਅ ਅੱਗੇ ਆਉਣ ਉੱਤੇ ਸ਼ਰੀਫ ਪਰਵਾਰ ਦੇ ਜੱਦੀ ਪਿੰਡ ਜਾਤੀ ਉਮਰਾ ਦੇ ਵਾਸੀਆਂ ਵਿੱਚ ਖੁਸ਼ੀ ਛਾ ਗਈ ਹੈ। ਪੰਜਾਬ ਦੇ ਵਿਧਾਨ ਸਭਾ ਹਲਕਾ ਬਾਬਾ ਬਕਾਲਾ ਦਾ ਪਿੰਡ ਜਾਤੀ ਉਮਰਾ ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਤੇ ਪਾਕਿਸਤਾਨੀ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਸ਼ਾਹਬਾਜ਼ ਸ਼ਰੀਫ ਦੇ ਵੱਡਿਆਂ ਦਾ ਜੱਦੀ ਪਿੰਡ ਹੈ। ਪਿੰਡ ਦੇ ਸਰਪੰਚ ਰਛਪਾਲ ਸਿੰਘ, ਸਾਬਕਾ ਸਰਪੰਚ ਦਿਲਬਾਗ ਸਿੰਘ ਅਤੇ ਜਸਪਾਲ ਸਿੰਘ ਨੇ ਦੱਸਿਆ ਕਿ ਕੱਲ੍ਹ ਪਿੰਡ ਦੇ ਉਸ ਗੁਰਦੁਆਰਾ ਸਾਹਿਬ ਵਿੱਚ ਸ਼ਰੀਫ ਪਰਵਾਰ ਦੀ ਚੜ੍ਹਦੀ ਕਲਾ ਦੀ ਅਰਦਾਸ ਕੀਤੀ ਗਈ, ਜੋ ਇਸ ਪਰਵਾਰ ਦੇ ਪੁਰਖਿਆਂ ਦੀ ਹਵੇਲੀ ਹੁੰਦਾ ਸੀ। ਬਜ਼ੁਰਗ ਗਿਆਨ ਸਿੰਘ ਦੱਸਦੇ ਹਨ ਕਿ‘ਮੈਂ ਨਵਾਜ਼ ਸ਼ਰੀਫ ਦਾ ਪਿੰਡ ਨਾਲ ਲਗਾਓ ਤੋਂ ਚੰਗੀ ਤਰ੍ਹਾਂ ਵਾਕਿਫ ਹਾਂ। 1932 ਵਿੱਚ ਇਹ ਪਰਵਾਰ ਲਾਹੌਰ ਚਲਾ ਗਿਆ ਸੀ। ਸ਼ਰੀਫ ਪਰਵਾਰ ਉੱਤੇ ਜਦ ਵੀ ਸੰਕਟ ਆਇਆ ਤਾਂ ਗੁਰਦੁਆਰਾ ਸਾਹਿਬ ਵਿੱਚ ਪਰਵਾਰ ਲਈ ਅਰਦਾਸ ਕੀਤੀ ਗਈ।’ਗੁਰਦੁਆਰਾ ਸਾਹਿਬ ਦੇ ਗ੍ਰੰਥੀ ਕੁਲਦੀਪ ਸਿੰਘ, ਪਿੰਡ ਵਾਸੀ ਲੱਖਾ ਸਿੰਘ, ਨਿਰਵੈਲ ਸਿੰਘ, ਬਚਨ ਸਿੰਘ ਤੇ ਕੇਵਲ ਸਿੰਘ ਨੇ ਦੱਸਿਆ ਕਿ 1932 ਵਿੱਚ ਸ਼ਰੀਫ ਪਰਵਾਰ ਨੇ ਲਾਹੌਰ ਵਿੱਚ ਕਾਰਖਾਨਾ ਲਗਾਇਆ, ਜਿਸ ਵਿੱਚ ਪਿੰਡ ਦੇ ਲੋਕ ਕੰਮ ਕਰਦੇ ਸਨ।

# ਅੱਗ ਲੱਗਣ ਕਾਰਨ 10 ਏਕੜ ਕਣਕ ਸੜ ਕੇ ਸੁਆਹ

ਮਹਿਲ ਕਲਾਂ, 11 ਅਪ੍ਰੈਲ (ਪੋਸਟ ਬਿਊਰੋ)- ਨੇੜਲੇ ਪਿੰਡ ਖਿਆਲੀ ਵਿਖੇ ਦੋ ਕਿਸਾਨਾਂ ਦੀ ਕਣਕ ਦੀ ਖੜੀ ਫ਼ਸਲ ਨੂੰ ਅੱਗ ਲੱਗ ਜਾਣ ਕਾਰਨ 10 ਏਕੜ ਕਣਕ ਦੀ ਖੜੀ ਫ਼ਸਲ ਤੇ ਦੋ ਏਕੜ ਟਾਂਗਰ ਸੜ ਗਿਆ।




ਬਾਅਦ ਦੁਪਹਿਰ ਆਸ-ਪਾਸ ਦੇ ਲੋਕਾਂ ਨੂੰ ਅੱਗ ਲੱਗਣ ਦੀ ਭਿਣਕ ਪਈ ਤਾਂ ਪਿੰਡ ਖਿਆਲੀ, ਸਹੌਰ, ਮਹਿਲ ਕਲਾਂ, ਮਹਿਲ ਖੁਰਦ, ਮਾਂਗੇਵਾਲ, ਠੁੱਲੀਵਾਲ ਅਤੇ ਕੁਰੜ ਦੇ ਲੋਕ ਟਰੈਕਟਰਾਂ, ਮੋਟਰਸਾਈਕਲਾਂ ਅਤੇ ਗੱਡੀਆਂ ਉੱਤੇ ਸਵਾਰ ਹੋ ਕੇ ਅੱਗ ਲੱਗਣ ਦੀ ਘਟਨਾ ਵਾਲੀ ਥਾਂ ਪੁੱਜੇ ਤੇ ਅੱਗ ਉਪਰ ਕਾਬੂ ਪਾਉਣ ਲਈ ਜੱਦੋਜਹਿਦ ਕੀਤੀ। ਅੱਗ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ।ਪਟਵਾਰੀ ਨਿਸ਼ਾਨ ਸਿੰਘ ਨੇ ਦੱਸਿਆ ਕਿ ਕੁਲਵੰਤ ਸਿੰਘ ਪੁੱਤਰ ਚਰਨ ਸਿੰਘ ਦੀ ਛੇ ਏਕੜ ਅਤੇ ਰਾਮ ਸਿੰਘ (ਲੱਖਾ ਖਿਆਲੀ) ਦੀ ਤਿੰਨ ਏਕੜ ਸਮੇਤ ਕੁੱਲ 12 ਏਕੜ ਰਕਬਾ ਅੱਗ ਵਿੱਚ ਸੜੀ ਹੈ। ਅੱਗ ਨਾਲ ਤਬਾਹ ਹੋਈ ਕਣਕ ਦੀ ਫ਼ਸਲ ਦੀ ਰਿਪੋਰਟ ਪੰਜਾਬ ਸਰਕਾਰ ਨੂੰ ਭੇਜੀ ਜਾਵੇਗੀ ਤੇ ਕਿਸਾਨਾਂ ਨੂੰ ਬਣਦਾ ਮੁਆਵਜ਼ਾ ਦਿਵਾਇਆ ਜਾਵੇਗਾ। ਫਾਇਰ ਬ੍ਰਿਗੇਡ ਦੀ ਗੱਡੀ ਭਾਵੇਂ ਪਹੁੰਚੀ ਪਰ ਬਰਨਾਲਾ ਤੋਂ ਆਉਣ ਕਰ ਕੇ ਲੇਟ ਹੋ ਗਈ।

# ਕਬੱਡੀ ਪ੍ਰਮੋਟਰ ਧਰਮਿੰਦਰ ਭਿੰਦਾ ਦੇ ਕਤਲ ਦੇ ਚਾਰ ਦੋਸ਼ੀ ਗ੍ਰਿਫ਼ਤਾਰ

ਪਟਿਆਲਾ, 11 ਅਪ੍ਰੈਲ (ਪੋਸਟ ਬਿਊਰੋ)- ਲੰਘੀ 5 ਅਪ੍ਰੈਲ ਨੂੰ ਪੰਜਾਬੀ ਯੂਨੀਵਰਸਿਟੀ ਦੇ ਮੇਨ ਗੇਟ ਅੱਗੇ ਕਬੱਡੀ ਖੇਡ ਪ੍ਰਮੋਟਰ ਧਰਮਿੰਦਰ ਸਿੰਘ ਭਿੰਦਾ ਦੇ ਕਤਲ ਦੇ ਮਾਮਲੇ ਵਿੱਚ ਪੁਲਸ ਨੇ ਜੁਆਇੰਟ ਆਪ੍ਰੇਸ਼ਨ ਵਿੱਚ ਚਾਰ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਉਨ੍ਹਾਂ ਤੋਂ ਵਾਰਦਾਤ ਵਿੱਚ ਵਰਤੇ ਗਏ ਤਿੰਨ ਹਥਿਆਰ ਅਤੇ ਦੋ ਮੋਟਰਸਾਈਕਲ ਵੀ ਬਰਾਮਦ ਕਰ ਲਏ ਹਨ ਅਤੇ ਅੱਗੇ ਦੀ ਜਾਂਚ ਪੁਲਸ ਵੱਲੋਂ ਕੀਤੀ ਜਾ ਰਹੀ ਹੈ।



ਐਸ ਐਸ ਪੀ ਨੇ ਦੱਸਿਆ ਕਿ ਇਸ ਕੇਸ ਵਿੱਚ ਨਵੀਂ ਸ਼ਰਮਾ ਉਰਫ ਰਵੀ ਪੁੱਤਰ ਹਰਦੀਪ ਸ਼ਰਮਾ ਪਿੰਡ ਬਠੋਈ ਖੁਰਦ ਤੇ ਵਰਿੰਦਰ ਸਿੰਘ ਬਾਵਾ ਪੁੱਤਰ ਤਰਸੇਮ ਸਿੰਘ ਪਿੰਡ ਬਠੋਈ ਖੁਰਦ ਥਾਣਾ ਪਸਿਆਣਾ, ਪਟਿਆਲਾ, ਪ੍ਰਿਤਪਾਲ ਸਿੰਘ ਉਰਫ਼ ਪ੍ਰੀਤ ਮੀਰਾਂਪੁਰੀਆ ਪੁੱਤਰ ਗੁਰਮੀਤ ਸਿੰਘ ਵਾਸੀ ਵਾਰਡ ਨੰਬਰ 07 ਸਨੌਰ, ਪਟਿਆਲਾ ਤੇ ਬਹਾਦਰ ਸਿੰਘ ਉਰਫ ਲਵਦੀਪ ਸਿੰਘ ਉਰਫ ਲੱਖੀ ਪੁੱਤਰ ਜੱਗੂ ਸਿੰਘ ਪਿੰਡ ਘਰਾਚੋਂ ਥਾਣਾ ਭਵਾਨੀਗੜ੍ਹ ਜ਼ਿਲ੍ਹਾ ਸੰਗਰੂਰ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।ਤਲਾਸ਼ੀ ਦੌਰਾਨ ਨਵੀਂ ਸ਼ਰਮਾ ਉਰਫ ਰਵੀ ਤੋਂ ਇੱਕ ਪਿਸਟਲ 32 ਬੋਰ ਸਮੇਤ ਚਾਰ ਰੌਂਦ 32 ਬੋਰ, ਵਰਿੰਦਰ ਸਿੰਘ ਬਾਵਾ ਤੋਂ ਇੱਕ ਪਿਸਤੌਲ 34 ਬੋਰ ਸਮੇਤ ਤਿੰਨ ਰੌਂਦ ਬੋਰ ਅਤੇ ਪਿਸਤੌਲ 315 ਬੋਰ ਸਮੇਤ ਤਿੰਨ ਰੌਂਦ 315 ਬੋਰ ਬਰਾਮਦ ਕੀਤੇ ਗਏ। ਇਸ ਤੋਂ ਇਲਾਵਾ ਬਾਵਾ ਤੇ ਨਵੀ ਤੋਂ ਇੱਕ ਮੋਟਰਸਾਈਕਲ ਸਪਲੈਂਡਰ ਬਿਨਾਂ ਨੰਬਰੀ, ਪ੍ਰਿਤਪਾਲ ਸਿੰਘ ਉਰਫ਼ ਪ੍ਰੀਤ ਮੀਰਾਂਪੁਰੀਆ ਅਤੇ ਬਹਾਦਰ ਸਿੰਘ ਉਰਫ ਲਵਦੀਪ ਸਿੰਘ ਉਰਫ ਲੱਖੀ ਪਾਸੋਂ ਇੱਕ ਬੁਲੇਟ ਮੋਟਰਸਾਈਕਲ ਬਰਾਮਦ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਬਾਕੀ ਦੋਸ਼ੀਆਂ ਨੂੰ ਵੀ ਜਲਦੀ ਗ੍ਰਿਫ਼ਤਾਰ ਕੀਤਾ ਜਾਵੇਗਾ।

# ਅਸਾਮ ਸਾਹਿਤ ਸਭਾ ਵੱਲੋਂ ਹਿੰਦੀ ਦਾ ਦਰਜਾ ਵਧਾਉਣ ਦਾ ਵਿਰੋਧ

ਗੁਹਾਟੀ, 11 ਅਪ੍ਰੈਲ (ਪੋਸਟ ਬਿਊਰੋ)- ਪ੍ਰਭਾਵਸ਼ਾਲੀ ਸਾਹਿਤ ਸੰਸਥਾ ਅਸਾਮ ਸਾਹਿਤ ਸਭਾ (ਏ ਐਸ ਐਸ) ਨੇ ਹਿੰਦੀ ਨੂੰ ਉਤਰ-ਪੂਰਬੀ ਸੂਬਿਆਂ ਵਿੱਚ ਦਸਵੀਂ ਕਲਾਸ ਤਕ ਲਾਜ਼ਮੀ ਵਿਸ਼ਾ ਬਣਾਉਣ ਦੇ ਕਦਮ ਦੀ ਆਲੋਚਨਾ ਕੀਤੀ ਹੈ ਅਤੇ ਸਰਕਾਰ ਨੂੰ ਸਥਾਨਕ ਭਾਸ਼ਾਵਾਂ ਦੀ ਸੁਰੱਖਿਆ ਅਤੇ ਸੁਧਾਰ ਉੱਤੇ ਧਿਆਨ ਕੇਂਦਰਤ ਕਰਨ ਲਈ ਕਿਹਾ ਹੈ।



ਸਾਹਿਤ ਸਭਾ ਦੇ ਜਨਰਲ ਸੈਕਟਰੀ ਨੇ ਕਿਹਾ ਕਿ ਜੇ ਹਿੰਦੀ ਨੂੰ ਲਾਜ਼ਮੀ ਵਿਸ਼ਾ ਬਣਾਇਆ ਜਾਂਦਾ ਹੈ ਤਾਂ ਸਥਾਨਕ ਭਾਸ਼ਾਵਾਂ ਤੇ ਆਸਾਮੀ ਦਾ ਸੰਪਰਕ ਭਾਸ਼ਾ ਵਜੋਂ ਭਵਿੱਖ ਖਤਰੇ ਵਿੱਚ ਪੈ ਸਕਦਾ ਹੈ। ਉਨ੍ਹਾਂ ਕਿਹਾ ਕਿ ਸਭਾ ਆਸਾਮੀ ਭਾਸ਼ਾ ਨੂੰ ਸੀ ਬੀ ਐਸ ਈ ਅਤੇ ਇੰਗਲਿਸ਼ ਮੀਡੀਅਮ ਸਕੂਲਾਂ ਵਿੱਚ ਸ਼ਾਮਲ ਕਰਨ ਲਈ ਸੂਬਾ ਸਰਕਾਰ ਉੱਤੇ ਦਬਾਅ ਬਣਾ ਰਹੀ ਹੈ, ਪਰ ਇਸ ਬਾਰੇ ਹਾਲੇ ਕੋਈ ਪ੍ਰਗਤੀ ਨਹੀਂ ਹੋਈ। ਆਸਾਮ ਦੀਆਂ ਵਿਰੋਧੀ ਧਿਰਾਂ ਨੇ ਕੇਂਦਰ ਦੇ ਇਸ ਐਲਾਨ ਦੀ ਆਲੋਚਨਾ ਕੀਤੀ ਹੈ ਕਿ ਸਾਰੇ ਅੱਠ ਉਤਰੀ-ਪੂਰਬੀ ਰਾਜਾਂ ਨੇ ਦਸਵੀਂ ਕਲਾਸ ਤਕ ਹਿੰਦੀ ਨੂੰ ਲਾਜ਼ਮੀ ਵਿਸ਼ਾ ਬਣਾਉਣ ਦੀ ਸਹਿਮਤੀ ਦਿੱਤੀ ਹੈ। ਉਨ੍ਹਾਂ ਨੇ ਇਸ ਨੂੰ ਸਭਿਆਚਾਰਕ ਸਾਮਰਾਜਵਾਦ ਵੱਲ ਇੱਕ ਕਦਮ ਕਰਾਰ ਦਿੱਤਾ ਹੈ।

ਓਧਰ ਤਾਮਿਲ ਨਾਡੂ ਵਿੱਚ ਸੱਤਾਧਾਰੀ ਪਾਰਟੀ ਡੀ ਐਮ ਕੇ ਨੇ ਕੇਂਦਰ ਨੂੰ ਹਿੰਦੀ ਲਾਗੂ ਕਰਨ ਵਿਰੁੱਧ ਚਿਤਾਵਨੀ ਦਿੰਦਿਆਂ ਕਿਹਾ ਕਿ ਤਾਮਿਲ ਲੋਕਾਂ ਨੂੰ ਪਾਰਟੀ ਦੇ ਮਰਹੂਮ ਆਗੂ ਐਮ ਕਰੁਣਾਨਿਧੀ ਵੱਲੋਂ ਹਿੰਦੀ ਭਾਸ਼ਾ ਦੇ ਖਿਲਾਫ ਕੀਤਾ ਗਿਆ ਅੰਦੋਲਨ ਅਜੇ ਯਾਦ ਹੈ। ਇਸ ਲਈ ਉਹ ਹਿੰਦੀ ਨੂੰ ਲਾਜ਼ਮੀ ਭਾਸ਼ਾ ਵਜੋਂ ਲਾਗੂ ਨਹੀਂ ਹੋਣ ਦੇਣਗੇ। ਹਾਕਮ ਪਾਰਟੀ ਦੇ ਮੁੱਖ ਪੱਤਰ 'ਮੁਰਾਸੋਲੀ' ਨੇ ਕੱਲ੍ਹ ਆਪਣੇ ਅੰਕ ਵਿੱਚ ਲੋਕਾਂ ਉੱਤੇ ਹਿੰਦੀ ਥੋਪਣ ਦੇ ਖਿਲਾਫ ਕਰੁਣਾਨਿਧੀ (1924-2018) ਦਾ ਮਸ਼ਹੂਰ ਨਾਅਰਾ ਦਿੱਤਾ ਅਤੇ ਇਸ ਲੇਖ ਨੂੰ 'ਕੇਂਦਰ ਸਰਕਾਰ ਨੂੰ ਚਿਤਾਵਨੀ' ਸਿਰਲੇਖ ਹੇਠ ਛਾਪਿਆ। ਇਸ ਵਿੱਚ ਤਾਮਿਲ ਲੋਕਾਂ ਨੂੰ ਹਿੰਦੀ ਥੋਪੇ ਜਾਣ ਦਾ ਸਖਤ ਵਿਰੋਧ ਕਰਨ ਦਾ ਸੱਦਾ ਦਿੱਤਾ ਗਿਆ ਹੈ।

# ਨੀਤੀ ਆਯੋਗ ਦੇ ਮੈਂਬਰ ਵੱਲੋਂ ਫਿਰ ਖੇਤੀ ਕਾਨੂੰਨਾਂ ਦੀ ਵਕਾਲਤ

ਨਵੀਂ ਦਿੱਲੀ, 11 ਅਪ੍ਰੈਲ (ਪੋਸਟ ਬਿਊਰੋ)- ਖੇਤੀ ਖੇਤਰ ਵਿੱਚ ਸੁਧਾਰਾਂ ਨੂੰ ਅਹਿਮ ਦਸਦਿਆਂ ਨੀਤੀ ਆਯੋਗ ਦੇ ਮੈਂਬਰ ਰਮੇਸ਼ ਚੰਦ ਨੇ ਕੱਲ੍ਹ ਕਿਹਾ ਕਿ ਤਿੰਨ ਖੇਤੀ ਕਾਨੂੰਨ ਰੱਦ ਕਰਨਾ ਕਿਸਾਨਾਂ ਨੂੰ ਵੱਧ ਮੁੱਲ ਦਿਵਾਉਣ ਦੀਆਂ ਕੋਸ਼ਿਸ਼ਾਂ ਲਈ ਇੱਕ ਝਟਕਾ ਹੈ। ਉਨ੍ਹਾਂ ਕਿਹਾ ਕਿ ਤਿੰਨੇ ਖੇਤੀ ਕਾਨੂੰਨ ਕਿਸਾਨਾਂ ਦੀ ਆਮਦਨ 2022 ਤਕ ਦੁੱਗਣੀ ਕਰਨ ਦੇ ਟੀਚੇ ਨੂੰ ਹਾਸਲ ਕਰਨ ਵਿੱਚ ਮੱਦ-ਦਗਾਰ ਹੋ ਸਕਦੇ ਸਨ। ਉਨ੍ਹਾਂ ਕਿਹਾ ਕਿ ਕੁਝ ਲੋਕਾਂ ਨੇ ਨੀਤੀ ਆਯੋਗ ਤੋਂ ਸੁਧਾਰਾਂ ਨੂੰ ਅਮਲ ਵਿੱਚ ਲਿਆਉਣ ਦੀ ਅਪੀਲ ਕੀਤੀ ਹੈ।ਉਨ੍ਹਾਂ ਕਿਹਾ ਕਿ ਖੇਤੀ ਸੁਧਾਰ ਪ੍ਰਕਿਰਿਆ ਬਹਾਲ ਕਰਨ ਲਈ ਰਾਜਾਂ ਨਾਲ ਨਵੇਂ ਸਿਰੇ ਤੋਂ ਵਿਚਾਰ-ਚਰਚਾ ਸ਼ੁਰੂ ਕੀਤੀ ਜਾਣੀ ਚਾਹੀਦੀ ਹੈ।

ਨੀਤੀ ਆਯੋਗ ਵਿੱਚ ਖੇਤੀ ਨੀਤੀਆਂ ਦੇਖਣ ਵਾਲੇ ਰਮੇਸ਼ ਚੰਦ ਨੇ ਕਿਹਾ, 'ਖੇਤੀ ਖੇਤਰ ਵਿੱਚ ਸੁਧਾਰ ਮਹੱਤਵਪੂਰਨ ਹਨ। ਕੁਝ ਕਿਸਾਨ ਇਨ੍ਹਾਂ (ਤਿੰਨ ਖੇਤੀ ਕਾਨੂੰਨਾਂ) ਦਾ ਵਿਰੋਧ ਕਰਦੇ ਹਨ। ਮੈਨੂੰ ਲੱਗਦਾ ਹੈ ਕਿ ਰਾਜਾਂ ਨਾਲ ਮੁੜ ਕੇ ਗੱਲਬਾਤ ਕੀਤੀ ਜਾਣੀ ਚਾਹੀਦੀ ਹੈ।' ਉਨ੍ਹਾਂ ਕਿਹਾ, ''ਲੋਕ ਸਾਡੇ ਕੋਲ ਆ ਕੇ ਕਹਿੰਦੇ ਹਨ ਕਿ ਸੁਧਾਰਾਂ ਦੀ ਲੋੜ ਹੈ, ਪਰ ਇਹ ਕਿਸ ਤਰ੍ਹਾਂ ਤੇ ਕਿਸ ਆਕਾਰ ਵਿੱਚ ਹੋਣੇ ਚਾਹੀਦੇ ਹਨ, ਇਸ ਬਾਰੇ ਸਾਨੂੰ ਕੁਝ ਸਮਾਂ ਉਡੀਕਣਾ ਚਾਹੀਦਾ ਹੈ।''ਉਨ੍ਹਾਂ ਨੂੰ ਪੁੱਛਿਆ ਗਿਆ ਕਿ ਕੀ ਤਿੰਨ ਖੇਤੀ ਕਾਨੂੰਨ ਲਾਗੂ ਕੀਤੇ ਬਿਨਾਂ ਕਿਸਾਨਾਂ ਦੀ ਆਮਦਨ 2022 ਤਕ ਦੁੱਗਣੀ ਕਰਨੀ ਸੰਭਵ ਹੈ, ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਬਿਹਤਰ ਮੁੱਲ ਮਿਲੇ ਇਸ ਲਈ ਸੁਧਾਰ ਜ਼ਰੂਰੀ ਹੈ। ਉਨ੍ਹਾਂ ਕਿਹਾ, ''ਜੇ ਸੁਧਾਰ ਨਹੀਂ ਹੋ ਰਹੇ ਤਾਂ ਯਕੀਨੀ ਤੌਰ ਉੱਤੇ ਇਹ ਇਨ੍ਹਾਂ ਕੋਸ਼ਿਸ਼ਾਂ ਲਈ ਝਟਕਾ ਹੈ।''



ਵਰਨਣ ਯੋਗ ਹੈ ਕਿ ਕੇਂਦਰ ਸਰਕਾਰ ਦੇ ਤਿੰਨ ਖੇਤੀ ਕਾਨੂੰਨਾਂ ਦਾ ਵੱਡਾ ਵਿਰੋਧ ਹੋਣ ਪਿੱਛੋਂ ਇੱਕ ਦਸੰਬਰ 2021 ਨੂੰ ਇਹ ਕਾਨੂੰਨ ਰੱਦ ਕਰਨ ਲਈ ਸਰਕਾਰ ਨੇਪਾਰਲੀਮੈਂਟ ਵਿੱਚ ਇੱਕ ਬਿੱਲ ਲਿਆਂਦਾ ਸੀ।ਇੱਕ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਕਿਹਾ ਕਿ ਵਿੱਤੀ ਵਰ੍ਹੇ 2021-22 ਵਿੱਚ ਖੇਤੀ ਖੇਤਰ ਵਿੱਚ ਵਾਧਾ ਕਰੀਬ ਤਿੰਨ ਫੀਸਦੀ ਰਹੇਗਾ। ਜੇ ਮੌਨਸੂਨ ਤੇ ਹੋਰ ਹਾਲਾਤ ਸੁਖਾਵੇਂ ਰਹੇ ਤਾਂ ਚਾਲੂ ਵਿੱਤੀ ਵਰ੍ਹੇ 2022-23 ਵਿੱਚ ਖੇਤੀ ਖੇਤਰ ਵਿੱਚ ਵਿਕਾਸ ਤੇ ਸੁਧਾਰ ਹੋਵੇਗਾ।

ਵਧਦੀ ਮਹਿੰਗਾਈ ਦਰ ਬਾਰੇ ਉਨ੍ਹਾਂ ਕਿਹਾ ਕਿ ਕਿਸੇ ਚੀਜ਼ ਦੀ ਘਾਟ ਕਾਰਨ ਜੇ ਮਹਿੰਗਾਈ ਵਧਦੀ ਹੈ ਤਾਂ ਸਰਕਾਰ ਵੱਖ-ਵੱਖ ਉਪਾਅ ਕਰਦੀ ਹੈ। ਉਨ੍ਹਾਂ ਕਿਹਾ ਕਿ ਉਹ ਦਾਲਾਂ ਤੇ ਖਾਣ ਵਾਲੇ ਤੇਲ ਦੀ ਇੰਪੋਰਟ ਵਧਾਉਣ ਦੇ ਯਤਨ ਕਰਦੇ ਹਨ। ਜਿੱਥੇ ਤਕ ਸਬਜ਼ੀਆਂ ਦੀਆਂ ਕੀਮਤਾਂ ਵਧਣ ਦਾ ਸਵਾਲ ਹੈ ਤਾਂ ਇਸ ਦੀ ਵਜ੍ਹਾ ਮੌਸਮੀ ਹੈ। ਇਸ ਦੀ ਕਾਫੀ ਅਹਿਮ ਭੂਮਿਕਾ ਹੁੰਦੀ ਹੈ। ਸਬਜ਼ੀਆਂ ਦੀ ਦਰਾਮਦ ਦੀ ਸੰਭਾਵਨਾ ਨਹੀਂ ਹੁੰਦੀ। ਉਨ੍ਹਾਂ ਘਰੇਲੂ ਬਾਜ਼ਾਰ ਵਿੱਚ ਵੱਖ-ਵੱਖ ਜਿਣਸਾਂ ਦੀਆਂ ਵਧਦੀਆਂ ਕੀਮਤਾਂ ਬਾਰੇ ਕਿਹਾ ਕਿ 'ਜਦੋਂ ਖਾਣਾਂ ਦੇ ਭਾਅ ਵਧਦੇ ਹਨ, ਡੀਜ਼ਲ ਦੀ ਕੀਮਤ ਵਧਦੀ ਹੈ ਤਾਂ ਇਸ ਦਾ ਮਤਲਬ ਹੈ ਕਿ ਢੋਆ-ਢੁਆਈ ਦੀ ਲਾਗਤ ਵੀ ਵਧੇਗੀ ਤੇ ਉਤਪਾਦਨ ਦੀ ਲਾਗਤ ਵੀ ਵਧੇਗੀ।'

ਇਸ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਕਿਹਾ ਹੈ ਕਿ ਦੇਸ਼ ਦਾ ਕਿਸਾਨ ਜਿੰਨਾ ਸਮਰੱਥ ਬਣੇਗਾ, ਨਵਾਂ ਭਾਰਤ ਓਨਾ ਖੁਸ਼ਹਾਲ ਹੋਵੇਗਾ। ਉਨ੍ਹਾਂ ਕਿਹਾ 'ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ' ਤੇ ਖੇਤੀ ਬਾਰੇ ਯੋਜਨਾਵਾਂ ਕਰੋੜਾਂ ਕਿਸਾਨਾਂ ਨੂੰ ਨਵੀਂ ਤਾਕਤ ਦੇ ਰਹੀਆਂ ਹਨ। ਪ੍ਰਧਾਨ ਮੰਤਰੀ ਨੇ ਕਿਹਾ, ''ਸਾਡੇ ਕਿਸਾਨ ਭੈਣ-ਭਰਾਵਾਂ ਉੱਤੇ ਦੇਸ਼ ਨੂੰ ਮਾਣ ਹੈ। ਇਹ ਜਿੰਨੇ ਮਜ਼ਬੂਤ ਹੋਣਗੇ, ਨਵਾਂ ਭਾਰਤ ਓਨਾ ਹੀ ਖੁਸ਼ਹਾਲ ਹੋਵੇਗਾ। ਮੋਦੀ ਨੇ ਕਿਹਾ ਕਿ ਪੀ ਐਮ ਕਿਸਾਨ ਸਨਮਾਨ ਨਿਧੀ ਤਹਿਤ 11.3 ਕਰੋੜ ਕਿਸਾਨਾਂ ਦੇ ਖਾਤੇ ਵਿੱਚ ਹੁਣ ਤਕ 1.82 ਲੱਖ ਕਰੋੜ ਰੁਪਏ ਪਾਏ ਗਏ ਸਨ।

# ਮਾਇਆਵਤੀ ਨੇ ਰਾਹੁਲ ਨੂੰ ਕਿਹਾ: ਆਪਣੀ ਪਾਰਟੀ ਵੱਲ ਧਿਆਨ ਦਿਓ

ਲਖਨਊ, 11 ਅਪ੍ਰੈਲ (ਪੋਸਟ ਬਿਊਰੋ)- ਬਹੁਜਨ ਸਮਾਜ ਪਾਰਟੀ ਦੀ ਮੁਖੀ ਮਾਇਆਵਤੀ ਨੇ ਕਾਂਗਰਸ ਆਗੂ ਰਾਹੁਲ ਗਾਂਧੀ ਦੇ ਉਸ ਦਾਅਵੇ ਨੂੰ ਕੱਲ੍ਹ ਰੱਦ ਕਰ ਦਿੱਤਾ, ਜਿਸ ਵਿੱਚ ਉਨ੍ਹਾਂ ਨੇ ਕਿਹਾ ਸੀ ਕਿ ਉੱਤਰ ਪ੍ਰਦੇਸ਼ ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਬਸਪਾ ਨੇ ਗੱਠਜੋੜ ਦੀ ਪੇਸ਼ਕਸ਼ ਠੁਕਰਾ ਦਿੱਤੀ ਸੀ।



ਮਾਇਆਵਤੀ ਨੇ ਕਿਹਾ ਕਿ ਰਾਹੁਲ ਗਾਂਧੀ ਨੂੰ ਹੋਰਨਾਂ ਪਾਰਟੀਆਂ ਦੀ ਫਿਕਰ ਛੱਡ ਕੇ ਆਪਣੇ ਘਰ ਵੱਲ ਧਿਆਨ ਦੇਣਾ ਚਾਹੀਦਾ ਹੈ।ਰਾਹੁਲ ਨੂੰ ਨਿਸ਼ਾਨੇ ਉੱਤੇ ਲੈ ਕੇ ਮਾਇਆਵਤੀ ਨੇ ਕਿਹਾ ਕਿ ਉਨ੍ਹਾਂ ਵੱਲੋਂ ਬੇਬੁਨਿਆਦ ਦੋਸ਼ ਲਾਏ ਜਾ ਰਹੇ ਹਨ ਤੇ ਇਸ ਵਿੱਚੋਂ ਉਨ੍ਹਾਂ ਦੀ ਪਾਰਟੀ ਦੀ ਜਾਤ ਆਧਾਰਤ ਸੋਚ ਦੀ ਝਲਕਦੀ ਹੈ। ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮਾਇਆਵਤੀ ਨੇ ਕਿਹਾ, 'ਕੱਲ੍ਹ ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਸਾਡੀ ਪਾਰਟੀ ਅਤੇ ਖਾਸ ਤੌਰ ਉੱਤੇ ਪਾਰਟੀ ਮੁਖੀ ਬਾਰੇ ਜੋ ਟਿੱਪਣੀਆਂ ਕੀਤੀਆਂ ਹਨ, ਉਸ ਤੋਂ ਪਾਰਟੀ ਨਾਲ ਜੁੜੇ ਦਲਿਤਾਂ ਤੇ ਹੋਰ ਵਰਗਾਂ ਦੇ ਨਾਲ-ਨਾਲ ਬਸਪਾ ਪ੍ਰਤੀ ਮਾੜੀ ਤੇ ਜਾਤ ਆਧਾਰਤ ਸੋਚ ਅਤੇ ਈਰਖਾ ਦੀ ਭਾਵਨਾ ਸਾਫ ਝਲਕਦੀ ਹੈ।' ਉਨ੍ਹਾਂ ਕਿਹਾ ਕਿ ਬਸਪਾ ਉੱਤੇ ਕੋਈ ਦੋਸ਼ ਲਾਉਣ ਤੋਂ ਪਹਿਲਾਂ ਰਾਹੁਲ ਨੂੰ ਪਹਿਲਾਂ ਆਪਣੀ ਪੀੜ੍ਹੀ ਹੇਠ ਸੋਟਾ ਫੇਰ ਲੈਣਾ ਚਾਹੀਦਾ ਹੈ। ਉਨ੍ਹਾਂ ਕਿਹਾ, ''ਕਾਂਗਰਸ ਆਗੂ ਆਪਣੇ ਖਿੰਡ ਰਹੇ ਘਰ ਨੂੰ ਬਚਾਉਣ ਵਿੱਚ ਨਾਕਾਮ ਹਨ ਤੇ ਬਸਪਾ ਉੱਤੇ ਉਂਗਲ ਚੁੱਕ ਰਹੇ ਹਨ।''

# ਕਾਂਗਰਸ ਨੇਤਰੀ ਡਿਸੂਜ਼ਾ ਤੇ ਸਮ੍ਰਿਤੀ ਇਰਾਨੀ ਵਿਚਾਲੇ ਹਵਾਈ ਜਹਾਜ਼ ਵਿੱਚ ਮਹਿੰਗਾਈ 'ਤੇ ਬਹਿਸ

ਨਵੀਂ ਦਿੱਲੀ, 11 ਅਪ੍ਰੈਲ (ਪੋਸਟ ਬਿਊਰੋ)- ਕਾਂਗਰਸ ਮਹਿਲਾ ਵਿੰਗ ਦੀ ਮੁੱਖੀ ਨੇਟਾ ਡਿਸੂਜ਼ਾ ਨੇ ਇੱਕ ਵੀਡੀਓ ਸ਼ੇਅਰ ਕੀਤਾ ਜਿਸ ਵਿੱਚ ਉਹ ਕੇਂਦਰੀ ਮੰਤਰੀ ਸਮ੍ਰਿਤੀ ਇਰਾਨੀ ਨਾਲ ਦਿੱਲੀ-ਗੁਹਾਟੀ ਹਵਾਈ ਉਡਾਣ ਵਿੱਚ ਮਹਿੰਗਾਈ ਬਾਰੇ ਬਹਿਸ ਕਰਦੀ ਦਿੱਸਦੀ ਹੈ। ਦੋਹਾਂ ਦੀ ਬਹਿਸ ਉਦੋਂ ਸ਼ੁਰੂ ਹੋਈ ਜਦੋਂ ਕਾਂਗਰਸੀ ਨੇਤਰੀ ਨੇ ਸਮ੍ਰਿਤੀ ਨੂੰ ਹਵਾਈ ਜਹਾਜ਼ ਵਿੱਚੋਂ ਉਤਰਦੇ ਸਮੇਂ ਸਵਾਲ ਕੀਤਾ। ਡਿਸੂਜ਼ਾ ਵੱਲੋਂ ਸ਼ੇਅਰ ਕੀਤੇ ਗਏ ਵੀਡੀਓ ਵਿੱਚ ਸਮ੍ਰਿਤੀ ਇਰਾਨੀ ਰਿਕਾਰਡਿੰਗ ਬੰਦ ਕਰਨ ਦਾ ਇਸ਼ਾਰਾ ਕਰਦੇ ਹੋਏ ਨਜ਼ਰ ਆ ਰਹੀ ਹੈ।



ਨੇਟਾ ਡਿਸੂਜ਼ਾ ਨੇ ਟਵੀਟ ਕੀਤਾ ਕਿ ਗੁਹਾਟੀ ਦੀ ਉਡਾਣ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਮੰਤਰੀ ਮੰਡਲ ਦੀ ਮੈਂਬਰ ਸਮ੍ਰਿਤੀ ਇਰਾਨੀ ਨਾਲ ਸਾਹਮਣਾ ਹੋਇਆ। ਉਨ੍ਹਾਂ ਕੋਲੋਂ ਐਲ ਪੀ ਜੀ ਦੀਆਂ ਵਧਦੀਆਂ ਕੀਮਤਾਂ ਬਾਰੇ ਪੁੱਛਣਉੱਤੇ ਉਨ੍ਹਾਂ ਵੈਕਸੀਨ, ਰਾਸ਼ਨ ਅਤੇ ਗਰੀਬਾਂ ਨੂੰ ਵੀ ਜ਼ਿੰਮੇਵਾਰ ਕਰਾਰ ਦਿੱਤਾ। ਵੀਡੀਓ ਜ਼ਰੂਰ ਦੇਖਣੀ ਚਾਹੀਦੀ ਹੈ ਤਾਂ ਜੋ ਪਤਾ ਲੱਗੇ ਕਿ ਸਮ੍ਰਿਤੀ ਨੇ ਆਮ ਲੋਕਾਂ ਦੇ ਦੁੱਖਾਂ ਉੱਤੇ ਕਿਸ ਤਰ੍ਹਾਂ ਦੀ ਪ੍ਰਤੀਕਿਰਿਆ ਦਿੱਤੀ ਹੈ।ਵੀਡੀਓ ਵਿੱਚ ਸਮ੍ਰਿਤੀ ਇਰਾਨੀ ਨੇ ਜਵਾਬ ਦਿੰਦੇ ਹੋਏ ਕਿਹਾ ਕਿ ਕਾਂਗਰਸ ਦੇ ਨੇਤਾ ਰਾਹ ਰੋਕਦੇ ਹਨ। ਰਸੋਈ ਗੈਸ ਦੀ ਕਮੀ ਤੇ ਬਿਨਾਂ ਗੈਸ ਤੋਂ ਚੁੱਲ੍ਹੇ ਬਾਰੇ ਪੁੱਛਣ ਉੱਤੇ ਕੇਂਦਰੀ ਮੰਤਰੀ ਨੇ ਕਿਹਾ ਕਿ ਕਿਰਪਾ ਕਰ ਕੇ ਝੂਠ ਨਾ ਬੋਲੋ। ਇਰਾਨੀ ਨੇ ਕਿਹਾ ਕਿ ਮਹਾਮਾਰੀ ਸ਼ੁਰੂ ਹੋਣ ਦੇ ਸਮੇਂ ਤੋਂ ਹੀ ਲੋਕਾਂ ਨੂੰ ਪਿਛਲੇ 29 ਮਹੀਨਿਆਂ ਤੋਂ ਰਾਸ਼ਨ ਮੁਫਤ ਮਿਲ ਰਿਹਾ ਹੈ।ਇਸ ਦੌਰਾਨ ਕਾਂਗਰਸ ਨੇ ਸੱਤਾਧਾਰੀ ਭਾਜਪਾ ਵਿਰੁੱਧ ਮੋਰਚਾ ਖੋਲ੍ਹ ਦਿੱਤਾ ਹੈ। ਪੈਟ੍ਰੋਲ, ਡੀਜ਼ਲ, ਗੈਸ, ਖਾਦ ਅਤੇ ਜ਼ਰੂਰੀ ਦਵਾਈਆਂ ਦੀਆਂ ਕੀਮਤਾਂ ਵਿੱਚ ਲਗਾਤਾਰ ਵਾਧੇ ਨੂੰ ਲੈ ਕੇ ਕੱਲ੍ਹ ਦੇਸ਼ਪੱਧਰੀ ਵਿਰੋਧ ਵਿਖਾਵੇ ਕੀਤੇ ਗਏ।

# ਆਸਟਰੇਲੀਆ 'ਚ ਪਾਰਲੀਮੈਂਟ ਚੋਣਾਂ 21 ਮਈ ਨੂੰ

ਸਿਡਨੀ, 11 ਅਪ੍ਰੈਲ (ਪੋਸਟ ਬਿਊਰੋ)- ਆਸਟਰੇਲੀਆਵਿੱਚ ਕੇਂਦਰੀ ਚੋਣਾਂ 21 ਮਈ ਨੂੰ ਹੋਣਗੀਆਂ ਅਤੇ ਇਸ ਦੌਰਾਨ ਪਾਰਲੀਮੈਂਟ ਦੀਆਂ ਕੁੱਲ 150 ਤੇ ਸੈਨੇਟ ਦੀਆਂ 76 ਵਿੱਚੋਂ ਚਾਲੀ ਸੀਟਾਂ ਲਈ ਵੋਟਾਂ ਪੈਣਗੀਆਂ।



ਪ੍ਰਧਾਨ ਮੰਤਰੀ ਸਕੌਟ ਮੌਰੀਸਨ ਨੇ ਕੱਲ੍ਹ ਇਸ ਦਾ ਬਾਕਾਇਦਾ ਐਲਾਨ ਕੀਤਾ। ਉਹ ਇਸ ਤੋਂ ਪਹਿਲੋਂ ਗਵਰਨਰ-ਜਨਰਲ ਡੇਵਿਡ ਹਰਲੇ ਨੂੰ ਮਿਲੇ ਅਤੇ ਚੋਣ ਅਮਲ ਸ਼ੁਰੂ ਕਰਨ ਲਈ ਪਾਰਲੀਮੈਂਟ ਭੰਗ ਕਰਨ ਦੀ ਬੇਨਤੀ ਕੀਤੀ। ਇਸ ਦੌਰਾਨ ਵਰਨਣ ਯੋਗ ਹੈ ਕਿ ਮੌਰੀਸਨ ਆਸਟਰੇਲੀਆ ਦੇ ਦੋ ਵਾਰ ਪ੍ਰਧਾਨ ਮੰਤਰੀ ਰਹਿ ਚੁੱਕੇ ਹਨ ਅਤੇ ਪਿਛਲੀਆਂ ਦੋਵੇਂ ਚੋਣਾਂ ਵਿੱਚ ਉਨ੍ਹਾਂ ਦੀ ਲਿਬਰਲ-ਨੈਸ਼ਨਲ ਕੁਲੀਸ਼ਨ ਜੇਤੂ ਰਹੀ ਸੀ। ਤੀਜੀ ਵਾਰ ਮੌਰੀਸਨ ਫਿਰ ਦੇਸ਼ ਦੀ ਅਗਵਾਈ ਕਰਨ ਲਈ ਚੋਣ ਮੈਦਾਨ ਵਿੱਚ ਹਨ। ਉਨ੍ਹਾ ਕਿਹਾ ਕਿ ਆਸਟਰੇਲੀਅਨ ਲੋਕ ਆਪਣੀ ਵੋਟ ਦਾ ਸਹੀ ਇਸਤੇਮਾਲ ਕਰ ਕੇ ਦੇਸ਼ ਨੂੰ ਸੁਰੱਖਿਅਤ ਹਿੱਤਾਂ ਵਿੱਚ ਦੇਣ।ਮੁੱਖ ਵਿਰੋਧੀ ਆਸਟਰੇਲੀਅਨ ਲੇਬਰ ਪਾਰਟੀ ਦੇ ਨੇਤਾ ਨੇ ਕਿਹਾ ਕਿ ਆਸਟਰੇਲੀਆ ਵਾਸੀ ਇਸ ਵਾਰ ਲਿਬਰਲ ਪਾਰਟੀ ਨੂੰ ਸੱਤਾ ਤੋਂ ਹਟਾ ਕੇ ਮਿਹਨਤਕਸ਼ ਲੋਕਾਂ ਦੀ ਸਰਕਾਰ ਬਣਾਉਣਗੇ। ਉਨ੍ਹਾਂ ਕਿਹਾ ਕਿ ਕੋਵਿਡ ਮਹਾਮਾਰੀ, ਜੰਗਲਾਂ ਦੀ ਅੱਗ, ਹੜ੍ਹ, ਕੁਦਰਤੀ ਆਫਤਾਂ, ਮਹਿੰਗਾਈ ਨਾਲ ਨਜਿੱਠਣ ਤੇ ਹੋਰ ਮੁੱਦਿਆਂ ਉਤੇ ਲਿਬਰਲ-ਕੁਲੀਸ਼ਨ ਫੇਲ੍ਹ ਸਾਬਤ ਹੋਈ ਹੈ। ਉਨ੍ਹਾ ਕਿਹਾ ਕਿ ਸੇਵਾ ਸਹੂਲਤਾਂ ਵਿੱਚ ਸੁਧਾਰ, ਸਰਲ ਆਵਾਸ ਯੋਜਨਾ, ਛੋਟੇ ਕਾਰੋਬਾਰਾਂ ਨੂੰ ਸਹਿਯੋਗ ਦੇਣਾ, ਟੈਕਸ ਪ੍ਰਣਾਲੀ ਵਿੱਚ ਸੁਧਾਰ ਕਰਨਾ ਲੇਬਰ ਦਾ ਨਿਸ਼ਾਨਾ ਹੈ।

# ਇੱਕ ਦੂਜੇ ਉੱਤੇ ਗੋਲੀਆਂ ਚਲਾਉਣ ਵਾਲੇ ਟੀਨੇਜਰਜ਼ ਵਿੱਚੋਂ ਇੱਕ ਦੀ ਹੋਈ ਮੌਤ

ਫਲੋਰਿਡਾ, 11 ਅਪਰੈਲ (ਪੋਸਟ ਬਿਊਰੋ) : ਸ਼ਰੀਰ ਉੱਤੇ ਕਵਚ (ਬਾਡੀ ਆਰਮਰ) ਪਾ ਕੇ ਇੱਕ ਦੂਜੇ ਉੱਤੇ ਗੋਲੀਆਂ ਚਲਾ ਰਹੇ ਦੋ ਟੀਨੇਜਰਜ਼ ਵਿੱਚੋਂ ਗੋਲੀ ਲੱਗਣ ਕਾਰਨ ਇੱਕ ਦੀ ਮੌਤ ਹੋ ਗਈ। ਇਹ ਜਾਣਕਾਰੀ ਬੈਲੇਵਿਊ, ਫਲੋਰਿਡਾ ਦੀ ਪੁਲਿਸ ਨੇ ਦਿੱਤੀ।

3 ਅਪਰੈਲ ਨੂੰ ਬੈਲੇਵਿਊ ਪੁਲਿਸ ਡਿਪਾਰਟਮੈਂਟ (ਬੀਪੀਡੀ) ਨੂੰ ਕਿਸੇ ਘਰ ਵਿੱਚੋਂ ਗੋਲੀਆਂ ਚੱਲਣ ਦੀ ਖਬਰ ਮਿਲੀ। ਮੌਕੇ ਉੱਤੇ ਪਹੁੰਚੀ ਪੁਲਿਸ ਨੇ ਪਾਇਆ ਕਿ 16 ਸਾਲਾ ਕ੍ਰਿਸਟੋਫਰ ਲੈਰੋਏ ਬ੍ਰੌਡ ਜੂਨੀਅਰ ਗੋਲੀ ਲੱਗਣ ਕਾਰਨ ਜ਼ਖ਼ਮੀ ਪਿਆ ਹੈ। ਉਸ ਨੂੰ ਲੋਕਲ ਹਸਪਤਾਲ ਲਿਜਾਇਆ ਗਿਆ ਜਿੱਥੇ ਉਸ ਦੀ ਮੌਤ ਹੋ ਗਈ। ਮੈਡੀਕਲ ਐਗਜ਼ਾਮੀਨਰ ਆਫਿਸ ਨੇ ਆਖਿਆ ਕਿ ਬ੍ਰੌਡ ਦੀ ਮੌਤ ਦਾ ਕਾਰਨ ਉਸ ਦੀ ਛਾਤੀ ਵਿੱਚ ਲੱਗੀ ਗੋਲੀ ਸੀ। ਇਸ ਮਾਮਲੇ ਨੂੰ ਕਤਲ ਦਾ ਦਰਜਾ ਦਿੱਤਾ ਗਿਆ।



ਸੂਟਿੰਗ ਦੀ ਜਾਂਚ ਕਰਨ ਦੌਰਾਨ ਬੀਪੀਡੀ ਨੇ ਪਾਇਆ ਕਿ 17 ਸਾਲਾ ਜੌਸੂਆ ਵਿਨਿੰਗ ਨੇ ਬ੍ਰੌਡ ਨੂੰ ਗੋਲੀ ਮਾਰੀ ਤੇ ਉਸ ਦਾ ਕਤਲ ਕਰ ਦਿੱਤਾ। ਵਿਨਿੰਗ ਨੂੰ ਵੀਰਵਾਰ ਨੂੰ ਗ੍ਰਿਫਤਾਰ ਕਰ ਲਿਆ ਗਿਆ ਤੇ ਉਸ ਉੱਤੇ ਬੱਚੇ ਦੀ ਜਾਨ ਲੈਣ ਦਾ ਦੋਸ਼ ਲਾਇਆ ਗਿਆ।ਅਗਲੇਰੀ ਜਾਂਚ ਤੋਂ ਇਹ ਗੱਲ ਸਾਹਮਣੇ ਆਈ ਕਿ ਵਿਨਿੰਗ ਤੇ ਬ੍ਰੌਡ ਬਾਡੀ ਆਰਮਰ ਵਰਗੀ ਵੈਸਟ ਪਾ ਕੇ ਇੱਕ ਦੂਜੇ ਉੱਤੇ ਗੋਲੀਆਂ ਚਲਾ ਰਹੇ ਸਨ ਜਦੋਂ ਵਿਨਿੰਗ ਵੱਲੋਂ ਚਲਾਈ ਗਈ ਗੋਲੀ ਬ੍ਰੌਡ ਦੇ ਲੱਗੀ ਤੇ ਉਸ ਦੀ ਮੌਤ ਹੋ ਗਈ।

ਪੁਲਿਸ ਨੇ ਦੱਸਿਆ ਕਿ ਜਦੋਂ ਉਹ ਘਟਨਾ ਵਾਲੀ ਥਾਂ ਉੱਤੇ ਪਹੁੰਚੇ ਤਾਂ ਉਨ੍ਹਾਂ ਵੇਖਿਆ ਕਿ ਵਿਨਿੰਗ ਬ੍ਰੌਡ ਨੂੰ ਸੀਪੀਆਰ ਦੇ ਰਿਹਾ ਸੀ। ਇੱਕ ਹੋਰ ਟੀਨੇਜਰ ਨੇ ਪੁਲਿਸ ਨੂੰ ਗੁੰਮਰਾਹ ਕਰਨ ਲਈ ਗਲਤ ਜਾਣਕਾਰੀ ਦਿੱਤੀ ਤੇ ਉਸ ਨੂੰ ਵੀ ਪੁਲਿਸ ਨੂੰ ਝੂਠੀ ਰਿਪੋਰਟ ਦੇਣ ਲਈ ਚਾਰਜ ਕੀਤਾ ਗਿਆ ਹੈ। ਪਰ ਇੱਕ ਹੋਰ ਟੀਨੇਜਰ ਨੇ ਦੱਸਿਆ ਕਿ ਉਹ ਆਪਣੇ ਆਈਫੋਨ ਉੱਤੇ ਸਨੈਪਚੈਟ ਦੀ ਵਰਤੋਂ ਕਰਕੇ ਇਸ ਸੂਟਿੰਗ ਦੀ ਰਿਕਾਰਡਿੰਗ ਕਰ ਰਿਹਾ ਸੀ। ਪਰ ਬ੍ਰੌਡ ਨੂੰ ਗੋਲੀ ਲੱਗਣ ਦੀ ਵੀਡੀਓ ਉਸ ਨੇ ਡਲੀਟ ਕਰ ਦਿੱਤੀ। ਪਰ ਬਾਅਦ ਵਿੱਚ ਇੱਕ ਟੈਕਨੀਸ਼ੀਅਨ ਵੱਲੋਂ ਇਸ ਸੂਟਿੰਗ ਨੂੰ ਲੱਭ ਲਿਆ ਗਿਆ।

# ਇਮਰਾਨ ਖ਼ਾਨ ਦੀ ਸੱਤਾ ਤੋਂ ਵਿਦਾਈ ਪਿੱਛੋਂ ਉਸ ਦੇ ਕਰੀਬੀ ਸਹਿਯੋਗੀ ਦੇ ਘਰ ਛਾਪੇ

ਲਾਹੌਰ, 11 ਅਪ੍ਰੈਲ (ਪੋਸਟ ਬਿਊਰੋ)- ਪਾਕਿਸਤਾਨ ਦੇ ਪ੍ਰਧਾਨ ਮੰਤਰੀ ਵਜੋਂ ਇਮਰਾਨ ਖ਼ਾਨ ਨੂੰ ਹਟਾਏ ਜਾਣ ਪਿੱਛੋਂ ਉਸ ਦੇ ਇੱਕ ਕਰੀਬੀ ਸਹਿਯੋਗੀ ਦੇ ਘਰ ਕੱਲ੍ਹ ਛਾਪੇਮਾਰੀ ਦੀ ਕਾਰਵਾਈ ਕੀਤੀ ਗਈ ਅਤੇ ਉਸਦੇ ਪਰਵਾਰ ਦੇ ਮੈਂਬਰਾਂ ਦੇ ਫ਼ੋਨ ਜਬਤ ਕਰ ਲਏ ਗਏ। ਇਮਰਾਨ ਖ਼ਾਨ ਦੀ ਪਾਕਿਸਤਾਨ ਤਹਿਰੀਕ-ਏ-ਇਨਸਾਫ ਪਾਰਟੀ (ਪੀ ਟੀ ਆਈ) ਨੇ ਇਹ ਦੋਸ਼ ਲਾਇਆ ਅਤੇ ਟਵੀਟ ਕੀਤਾ ਹੈ ਕਿ 'ਡਿਜਿਟਲ ਮਾਮਲਿਆਂ ਵਿੱਚ ਪ੍ਰਧਾਨ ਮੰਤਰੀ ਇਮ-ਰਾਨ ਖਾਨ ਦੇ ਸਾਬਕਾ ਫੋਕਲ ਪਰਸਨਲ ਡਾ. ਅਰਸਲਾਨ ਖਾਲਿਦ ਦੇ ਘਰ ਛਾਪੇਮਾਰੀ ਕੀਤੀ ਗਈ ਹੈ। ਉਨ੍ਹਾਂ ਨੇ ਸੋਸ਼ਲ ਮੀਡੀਆ ਉੱਤੇ ਕਦੀ ਕਿਸੇ ਨੂੰ ਅਪਮਾਨਤ ਨਹੀਂ ਕੀਤਾ ਸੀ ਅਤੇ ਨਾ ਕਦੀ ਕਿਸੇ ਸੰਸਥਾ 'ਤੇ ਹਮਲਾ ਕੀਤਾ ਸੀ।'



ਡਾ. ਖਾਲਿਦ ਸਾਲ 2019 ਤੋਂ ਇਮਰਾਨ ਖਾਨ ਦੀ ਡਿਜਿਟਲ ਟੀਮ ਵਿੱਚ ਕੰਮ ਕਰਦੇ ਸਨ ਤੇ ਪਾਰਟੀ ਨੇ ਫੈਡਰਲ ਜਾਂਚ ਏਜੈਂਸੀ (ਐਫ ਆਈ ਏ) ਬਾਰੇ ਇਸ ਮਾਮਲੇ ਦੀ ਜਾਂਚ ਕਰਾਉਣ ਦਾ ਐਲਾਨ ਕੀਤਾ। ਦੂਸਰੇ ਪਾਸੇ ਇਸਲਾਮਾਬਾਦ ਹਾਈ ਖੋਰਟ ਵਿੱਚ ਅਰਜ਼ੀ ਦਾਇਰ ਕਰਕੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਅਤੇ ਉਨ੍ਹਾਂ ਦੇ ਕੈਬਿਨੇਟ ਮੰਤਰੀਆਂ ਨੂੰ ਦੇਸ਼ ਤੋਂ ਬਾਹਰ ਜਾਣੋਂ ਰੋਕਣ ਲਈ ਐਗਜ਼ਿਟ ਕੰਟਰੋਲ ਲਿਸਟ (ਈ ਸੀ ਐਲ) ਵਿੱਚ ਰੱਖਣ ਦੀ ਮੰਗ ਹੋਈ ਹੈ। ਅਦਾਲਤ ਕੱਲ੍ਹ ਅਰਜ਼ੀ ਉਤੇ ਸੁਣਵਾਈ ਕਰੇਗੀ। ਮੌਲਵੀ ਇਕਬਾਲ ਹੈਦਰ ਨੇ ਸਾਬਕਾ ਡਿਪਟੀ ਸਪੀਕਰ ਕਾਸਿਮ ਸੂਰੀ, ਸਾਬਕਾ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਤੇ ਫਵਾਦ ਚੌਧਰੀ ਨੂੰ ਇਸ ਸੂਚੀ ਵਿੱਚ ਪਾਉਣ ਦੀ ਅਪੀਲ ਕੀਤਾ ਹੈ।

## ਸੱਤਾ ਖੁੱਸ ਜਾਣ ਤੋਂ ਪਹਿਲਾਂ ਇਮਰਾਨ ਖਾਨ ਨੇ ਫ਼ੌਜ ਮੁਖੀ ਬਾਜਵਾ ਨੂੰ ਹਟਾਉਣ ਦੀ ਕੋਸ਼ਿਸ਼ ਕੀਤੀ ਸੀ

ਇਸਲਾਮਾਬਾਦ, 11 ਅਪ੍ਰੈਲ (ਪੋਸਟ ਬਿਊਰੋ)- ਪਾਕਿਸਤਾਨੀ ਮੀਡੀਆ ਵਿੱਚ ਅਜਿਹੀ ਖ਼ਬਰ ਹੈ ਕਿ ਇਮ-ਰਾਨ ਖ਼ਾਨ ਨੇ ਪ੍ਰਧਾਨ ਮੰਤਰੀ ਅਹੁਦਾ ਛੱਡਣ ਤੋਂ ਪਹਿਲਾਂ ਫ਼ੌਜ ਦੇ ਮੁਖੀ ਕਮਰ ਜਾਵੇਦ ਬਾਜਵਾ ਨੂੰ ਬਰਖਾਸਤ ਕਰਨ ਦੀ ਕੋਸ਼ਿਸ਼ ਕੀਤੀ ਸੀ ਤਾਂ ਜੋ ਕੋਈ ਅਜਿਹਾ ਵਿਅਕਤੀ ਅੱਗੇ ਆਏ, ਜਿਹੜਾ 'ਵਿਦੇਸ਼ੀ ਸਾਜ਼ਿਸ਼' ਦੇ ਉਨ੍ਹਾਂ ਦੇ ਦਾਅਵੇ ਅਤੇ ਸੱਤਾ ਵਿੱਚ ਬਣੇ ਰਹਿਣ ਲਈ ਉਨ੍ਹਾਂ ਦੇ ਇਰਾਦੇ ਪ੍ਰਤੀ ਵਧੇਰੇ ਹਮਦਰਦੀ ਰੱਖਦਾ ਹੋਵੇ।

ਇੱਕ ਟੀ ਵੀ ਚੈਨਲ ਨੇ ਕਿਹਾ ਕਿ ਦੋ ਬਿਨ ਬੁਲਾਏ ਮਹਿਮਾਨਾਂ ਨਾਲ ਇੱਕ ਹੈਲੀਕਾਪਟਰ ਰਾਤ ਨੂੰ ਪ੍ਰਧਾਨ ਮੰਤਰੀ ਨਿਵਾਸ ਵਿੱਚ ਉਤਰਿਆ ਅਤੇ ਫ਼ੌਜੀ ਜਵਾਨ ਉਨ੍ਹਾਂ ਨੂੰ ਇੱਕ ਇਮਾਰਤ ਵਿੱਚ ਲੈ ਗਏ। ਉਨ੍ਹਾਂ ਦੋਵਾਂ ਨੇ ਇਮਰਾਨ ਖਾਨ ਨਾਲ 45 ਮਿੰਟ ਤਕ ਬੈਠਕ ਕੀਤੀ, ਜਿਹੜੀ ਚੰਗੇ ਮਾਹੌਲ ਵਿੱਚ ਨਹੀਂ ਹੋਈ ਸੀ।ਪ੍ਰਧਾਨ ਮੰਤਰੀ ਨੇ ਮਿਲਣ ਆਏ ਉਚ ਅਧਿਕਾਰੀਆਂ ਵਿੱਚੋਂ ਇੱਕ ਜਣੇ ਨੂੰ ਇੱਕ ਘੰਟਾ ਪਹਿਲਾਂ ਹਟਾਉਣ ਦਾ ਹੁਕਮ ਜਾਰੀ ਕੀਤਾ ਗਿਆ ਸੀ। ਇਸ ਲਈ ਪ੍ਰਧਾਨ ਮੰਤਰੀ ਨੂੰ ਇਨ੍ਹਾਂ ਬਿਨ ਬੁਲਾਏ ਮਹਿਮਾਨਾਂ ਦੇ ਆਉਣ ਦੀ ਆਸ ਨਹੀਂ ਸੀ। ਇਮਰਾਨ ਖ਼ਾਨ ਹੈਲੀਕਾਪਟਰ ਦੇ ਆਉਣ ਦਾ ਇੰਤਜ਼ਾਰ ਕਰ ਰਹੇ ਸਨ, ਪਰ ਹੈਲੀਕਾਪਟਰ ਵਿੱਚ ਜੋ ਲੋਕ ਆਏ, ਉਨ੍ਹਾਂ ਨੂੰ ਇਸ ਦਾ ਅੰਦਾਜ਼ਾ ਨਹੀਂ ਸੀ। ਰਿਪੋਰਟ ਦੇ ਮੁਤਾਬਕ ਇਮਰਾਨ ਖ਼ਾਨ ਨੂੰ ਉਮੀਦ ਸੀ ਕਿ ਹੈਲੀਕਾਪਟਰ ਵਿੱਚ ਉਨ੍ਹਾਂ ਦੇ ਨਵ-ਨਿਯੁਕਤ ਅਧਿਕਾਰੀ ਆਉਣਗੇ, ਜਿਨ੍ਹਾਂ ਦੇ ਆਉਣ ਨਾਲ ਸਭ ਸਿਆਸੀ ਉਲਥ-ਪੁਥਲ ਉਤੇ ਰੋਕ ਲੱਗ ਜਾਵੇਗੀ। ਬਿਨ ਬੁਲਾਏ ਮਹਿਮਾਨਾਂ ਦੀ ਪਛਾਣ ਨਹੀਂ ਦੱਸੀ ਗਈ, ਪਰ ਕਿਹਾ ਜਾ ਰਿਹਾ ਹੈ ਕਿ ਜਨਰਲ ਬਾਜਵਾ ਅਤੇ ਆਈ ਐਸ ਦੇ ਮੁੱਖੀ ਵੱਲੋਂ ਇਮਰਾਨ ਦੇ ਘਰ ਆਉਣ ਦੇ ਨਾਲ ਸਾਰਾ ਪਲਾਨ ਫੇਲ ਹੋ ਗਿਆ ਸੀ। ਇਸ ਖ਼ਬਰ ਉਤੇ ਪ੍ਰਤੀਕਿਰਿਆ ਪ੍ਰਗਟ ਕਰਦੇ ਹੋਏ ਫ਼ੌਜ ਦੀ ਮੀਡੀਆ ਯੂਨਿਟ ਇੰਟਰ ਸਰਵਿਸਿਜ਼ ਪਬਲਿਕ ਰਿਲੇਸ਼ਨ ਨੇ ਕੱਲ੍ਹ ਇਸ ਰਿਪੋਰਟ ਨੂੰ ਰੱਦ ਕਰ ਦਿੱਤਾ।

# ਪਾਕਿ ਵਿੱਚ 75 ਸਾਲਾਂ ਵਿੱਚ ਸੱਤਾ ਤੋਂ 15 ਪ੍ਰਧਾਨ ਮੰਤਰੀ ਹਟਾਏ ਗਏ

## * ਇੱਕ ਨੂੰ ਫਾਂਸੀ, ਦੋਂਹ ਦੀ ਹੱਤਿਆ ਤੇ ਬਾਕੀ ਬਰਖਾਸਤ

ਲਾਹੌਰ, 11 ਅਪ੍ਰੈਲ (ਪੋਸਟ ਬਿਊਰੋ)- ਪਾਕਿਸਤਾਨ ਦੇ 25 ਜੁਲਾਈ 2018 ਨੂੰ ਚੁਣੇ ਗਏ 22ਵੇਂ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ 3 ਸਾਲ 7 ਮਹੀਨੇ 23 ਦਿਨ ਤਕ ਸੱਤਾ ਸੁੱਖ ਭੋਗਿਆ। ਆਪਣੀ ਸਮਾਂ ਹੱਦ ਪੂਰੀ ਕਰਨ ਤੋਂ ਪਹਿਲਾਂ ਹੀ ਸੱਤਾ ਤੋਂ ਹਟਾਏ ਜਾਣ ਵਾਲੇ ਉਹ ਪਾਕਿਸਤਾਨ ਦੇ ਪਹਿਲੇ ਪ੍ਰਧਾਨ ਮੰਤਰੀ ਨਹੀਂ, ਪਾਕਿਸਤਾਨ ਦੇ ਬਣਨ ਦੇ ਬਾਅਦ ਅੱਜ ਤਕ ਦੇ ਬਣੇ 22 ਪ੍ਰਧਾਨ ਮੰਤਰੀਆਂ ਵਿੱਚੋਂ ਸਿਰਫ਼ ਪੰਜ ਵਜ਼ੀਰੇ-ਆਜ਼ਮ (ਪ੍ਰਧਾਨ ਮੰਤਰੀ) ਸੇਵਾ ਮੁਕਤ ਹੋਣ ਤਕ ਸੱਤਾ ਦਾ ਸੁੱਖ ਭੋਗ ਹੋ ਸਕੇ ਹਨ, ਜਦਕਿ ਬਾਕੀ 17 ਵਿੱਚੋਂ ਇੱਕ ਦੀ ਕਾਰਜਕਾਲ ਦੌਰਾਨ ਹੱਤਿਆ ਕਰਵਾਈ ਗਈ, ਇੱਕ ਨੂੰ ਫਾਹੇ ਲਾਇਆ ਗਿਆ ਅਤੇ ਬਾਕੀਆਂ ਵਿੱਚੋਂ ਕੁਝ ਨੂੰ ਬਰਖ਼ਾਸਤ ਕਰ ਦਿੱਤਾ ਗਿਆ ਅਤੇ ਕੁਝ ਪਾਸੋਂ ਜਬਰੀ ਅਸਤੀਫ਼ਾ ਲੈ ਕੇ ਬੇਇੱਜ਼ਤ ਤਰੀਕੇ ਨਾਲ ਸੱਤਾ ਤੋਂ ਹਟਾ ਦਿੱਤਾ ਗਿਆ।

ਸੱਤਾ ਸੁਖ ਭੋਗਦਿਆਂ ਇੱਜ਼ਤ ਨਾਲ ਸੇਵਾ ਮੁਕਤ ਹੋਣ ਵਾਲੇ ਪ੍ਰਧਾਨ ਮੰਤਰੀਆਂ ਵਿੱਚੋਂ ਵੀ ਜ਼ਿਆਦਾਤਰ ਅਸਥਾਈ ਤੌਰ ਉੱਤੇ ਬਣਾਏ ਪ੍ਰਧਾਨ ਮੰਤਰੀ ਹਨ। ਇਮਰਾਨ ਖ਼ਾਨ ਤੋਂ ਪਹਿਲਾਂ ਪਨਾਮਾ ਕੇਸ ਦੇ ਭ੍ਰਿਸ਼ਟਾਚਾਰ ਦੇ ਦੋਸ਼ ਵਿੱਚ ਸੁਪਰੀਮ ਕੋਰਟ ਵੱਲੋਂ ਬਰਖ਼ਾਸਤ ਕੀਤੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਨੂੰ ਦੋ ਵਾਰ ਬਰਖ਼ਾਸਤ ਕੀਤਾ ਗਿਆ। ਉਹ ਪਾਕਿ-ਸਤਾਨ ਦੇ 12ਵੇਂ, 14ਵੇਂ ਤੇ 20ਵੇਂ ਪ੍ਰਧਾਨ ਮੰਤਰੀ ਰਹੇ। ਇਸ ਦੌਰਾਨ ਉਹ ਕ੍ਰਮਵਾਰ ਦੋ ਸਾਲ 254 ਦਿਨ, ਦੋ ਸਾਲ 237 ਦਿਨ ਅਤੇ ਚਾਰ ਸਾਲ 53 ਦਿਨ ਪ੍ਰਧਾਨ ਮੰਤਰੀ ਰਹੇ। ਪਾਕਿ ਪ੍ਰਧਾਨ ਮੰਤਰੀ ਚੌਧਰੀ ਮੁਹੰਮਦ ਅਲੀ ਤੇ ਬੇਨਜ਼ੀਰ ਭੁੱਟੋ ਵੀ ਦੋ-ਦੋ ਵਾਰ ਬਰਖ਼ਾਸਤ ਕੀਤੇ ਗਏ। ਪਾਕਿਸਤਾਨ ਦੇ ਪਹਿਲੇ ਪ੍ਰਧਾਨ ਮੰਤਰੀ ਲਿਆਕਤ ਅਲੀ ਖ਼ਾਨ ਚਾਰ ਸਾਲ 63 ਦਿਨ ਤਕ ਪ੍ਰਧਾਨ ਮੰਤਰੀ ਰਹੇ, ਉਨ੍ਹਾਂ ਦੀ ਸੰਨ 1951 ਵਿੱਚ ਭੇਦਭਰੀ ਸਥਿਤੀ ਵਿੱਚ ਹੱਤਿਆ ਕਰ ਦਿੱਤੀ ਗਈ ਸੀ। ਉਸ ਦੇ ਬਾਅਦ 1951 ਤੋਂ ਲੈ ਕੇ 1957 ਤਕ ਗਵਰਨਰ ਜਨਰਲ ਦੇ ਹੁਕਮ ਉੱਤੇ ਲਗਾਤਾਰ ਛੇ ਪ੍ਰਧਾਨ ਮੰਤਰੀ ਬਰਖ਼ਾਸਤ ਕੀਤੇ ਗਏ। ਇਸੇ ਤਾਨਾਸ਼ਾਹੀ ਕਾਰਨ ਪ੍ਰਧਾਨ ਮੰਤਰੀ ਸਰ ਖ਼ਵਾਜਾ ਨਜ਼ੀਮੁਦੀਨ (ਇੱਕ ਸਾਲ 182 ਦਿਨ ਪ੍ਰਧਾਨ ਮੰਤਰੀ ਰਹੇ), ਮੁਹੰਮਦ ਅਲੀ ਬੋਗਰਾ (2 ਸਾਲ 117 ਦਿਨ), ਚੌਧਰੀ ਮੁਹੰਮਦ ਅਲੀ (1 ਸਾਲ 31 ਦਿਨ), ਹੁਸੈਨ ਸ਼ਹੀਦ ਸੁਹਰਾਵਰਦੀ (1 ਸਾਲ 35 ਦਿਨ), ਇਬਰਾਹੀਮ ਇਸਮਾਈਲ ਚੁਨਦਰੀਗਰ (ਸਿਰਫ਼ ਦੋ ਮਹੀਨੇ ਪ੍ਰਧਾਨ ਮੰਤਰੀ ਰਹੇ), ਫ਼ਿਰੋਜ਼ ਖ਼ਾਨ ਨੂਨ (295 ਦਿਨ), ਨੂਰੁਲ ਅਮੀਨ (13 ਦਿਨ), ਮੁਹੰਮਦ ਖ਼ਾਨ ਜੁਨੇਜੋ (3 ਸਾਲ 66 ਦਿਨ), ਮੀਰ ਜ਼ਫ਼ਰਉਲਾ ਖ਼ਾਨ ਜ਼ਮਾਲੀ (1 ਸਾਲ 216 ਦਿਨ), ਚੌਧਰੀ ਸੁਜਾਤ ਹੁਸੈਨ (57 ਦਿਨ), ਸ਼ੌਕਤ ਅਜ਼ੀਜ਼ (3 ਸਾਲ 79 ਦਿਨ), ਯੂਸਫ਼ ਰਜ਼ਾ ਗਿਲਾਨੀ (4 ਸਾਲ 86 ਦਿਨ) ਤੇ ਨਵਾਜ਼ ਸ਼ਰੀਫ਼ ਕੁਝ ਨੂੰ ਬਰਖ਼ਾਸਤ ਕੀਤਾ ਗਿਆ ਅਤੇ ਕੁਝ ਤੋਂ 'ਸਵੈ-ਇੱਛਾ' ਦੇ ਨਾਂਅ ਉੱਤੇ ਜ਼ਬਰਦਸਤੀ ਅਸਤੀਫ਼ਾ ਲੈ ਲਿਆ ਗਿਆ।

ਪਾਕਿਸਤਾਨ ਦੀ ਪਹਿਲੀ ਔਰਤ ਪ੍ਰਧਾਨ ਮੰਤਰੀ ਬੇਨਜ਼ੀਰ ਭੁੱਟੋ (11ਵੀਂ ਪ੍ਰਧਾਨ ਮੰਤਰੀ ਮੌਕੇ 1 ਸਾਲ 247 ਦਿਨ ਤੇ 13ਵੀਂ ਪ੍ਰਧਾਨ ਮੰਤਰੀ ਮੌਕੇ ਤਿੰਨ ਸਾਲ 17 ਦਿਨ) ਦੇ ਪਿਤਾ ਜ਼ੁਲਫ਼ਿਕਾਰ ਅਲੀ ਭੁੱਟੋ (3 ਸਾਲ 325 ਦਿਨ) ਨੂੰ ਫ਼ੌਜੀ ਸ਼ਾਸਕ ਜਨਰਲ ਜ਼ਿਆ ਉਲ ਹੱਕ ਨੇ ਫਾਹੇ ਲਾ ਕੇ ਸੱਤਾ ਉੱਤੇ ਅਧਿਕਾਰ ਕਾਇਮ ਕੀਤਾ ਸੀ। ਪਾਕਿ ਵਿੱਚ ਫ਼ੌਜ ਵੱਲੋਂ ਸੰਨ 1953, 1958, 1977 ਅਤੇ 1999 ਵਿੱਚ ਤਖ਼ਤ ਪਲਟ ਕੀਤਾ ਗਿਆ। 19ਵੇਂ ਪ੍ਰਧਾਨ ਮੰਤਰੀ ਰਾਜਾ ਪ੍ਰਵੇਜ਼ ਅਸ਼ਰਫ਼ ਨੇ 275 ਦਿਨ ਸੱਤਾ ਸੁੱਖ ਭੋਗਿਆ। ਨਵਾਜ਼ ਸ਼ਰੀਫ਼ ਨੂੰ ਸੱਤਾ ਤੋਂ ਹਟਾਉਣ ਪਿੱਛੋਂ ਸ਼ਾਹਿਦ ਖ਼ਾਕਾਨ ਅੱਬਾਸੀ 303 ਦਿਨਪਾਕਿ ਦੇ ਪ੍ਰਧਾਨ ਮੰਤਰੀ ਰਹੇ, ਹਾਲਾਂਕਿ ਉਨ੍ਹਾਂ ਨੂੰ 45 ਦਿਨਾਂ ਲਈ ਪਾਕਿ ਦਾ ਪ੍ਰਧਾਨ ਮੰਤਰੀ ਨਿਯੁਕਤ ਕੀਤਾ ਗਿਆ ਸੀ।






# ਅਮਰੀਕੀ ਨਾਗਰਿਕਾਂ ਨਾਲ ਠੱਗੀ ਵਾਲੇ ਕਾਲ ਸੈਂਟਰ ਦਾ ਪਰਦਾਫ਼ਾਸ਼



ਗਵਾਲੀਅਰ, 11 ਅਪ੍ਰੈਲ (ਪੋਸਟ ਬਿਊਰੋ)- ਮੱਧ ਪ੍ਰਦੇਸ਼ ਪੁਲਸ ਨੇ ਗਵਾਲੀਅਰ ਵਿੱਚ ਇੱਕ ਫਰਜ਼ੀ ਕਾਲ ਸੈਂਟਰ ਦਾ ਪਰਦਾਫਾਸ਼ ਕੀਤਾ ਹੈ ਜੋ ਕਰਜ਼ਾ ਦੇਣ ਦੇ ਬਹਾਨੇ ਅਮਰੀਕੀ ਨਾਗਰਿਕਾਂ ਨੂੰ ਠੱਗ ਰਿਹਾ ਸੀ। ਇਸ ਸਬੰਧ ਵਿੱਚ ਸੱਤ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਇਸ ਬਾਰੇ ਪੁਲਸ ਅਗਲੀ ਜਾਂਚ ਕਰ ਰਹੀ ਹੈ।

ਕ੍ਰਾਈਮ ਬ੍ਰਾਂਚ ਦੀ ਟੀਮ ਨੇ ਸਥਾਨਕ ਪੁਲਸ ਨਾਲ ਮਿਲ ਕੇ ਆਨੰਦ ਨਗਰ ਸਥਿਤ ਇਕ ਘਰਛਾਪੇਮਾਰੀ ਕੀਤੀ ਤਾਂ ਘਰ ਵਿੱਚ ਛੇ ਨੌਜਵਾਨ ਤੇ ਇੱਕ ਲੜਕੀ ਲੈਪਟਾਪ ਰਾਹੀਂ ਵਿਦੇਸ਼ੀ ਗਾਹਕਾਂ ਨਾਲ ਗੱਲ ਕਰ ਰਹੇ ਸਨ। ਪੁੱਛਗਿੱਛ ਦੌਰਾਨ ਪਤਾ ਲੱਗਾ ਕਿ ਇਸ ਕਾਲ ਸੈਂਟਰ ਨੂੰ ਅਹਿਮਦਾਬਾਦ (ਗੁਜਰਾਤ) ਦਾ ਇੱਕ ਵਿਅਕਤੀ ਆਪਣੇ ਸਹਾਇਕ ਨਾਲ ਮਿਲ ਕੇ ਚਲਾ ਰਿਹਾ ਹੈ। ਉਕਤ ਮਕਾਨ ਉਸ ਨੇ ਕਾਲ ਸੈਂਟਰ ਚਲਾਉਣ ਲਈ ਕਿਰਾਏ ਉੱਤੇ ਲਿਆ ਹੋਇਆ ਹੈ।ਇਹ ਸਾਰੇ ਲੋਕ 'ਲੈਂਡਿੰਗ ਕਲੱਬ ਅਮਰੀਕਨ ਕੰਪਨੀ' ਦੇ ਏਜੰਟ ਵਜੋਂ ਜ਼ੂਮ ਐਪ ਸਾਫ਼ਟਵੇਅਰ ਰਾਹੀਂ ਵਿਦੇਸ਼ੀ ਗਾਹਕਾਂ ਨਾਲ ਗੱਲ ਕਰਦੇ ਸਨ। ਉਨ੍ਹਾਂ ਦੱਸਿਆ ਕਿ ਕਾਲ ਸੈਂਟਰ ਦੇ ਮਾਲਕ ਨੇ ਵਿਦੇਸ਼ੀਆਂ ਦੇ ਫ਼ੋਨ ਨੰਬਰ ਦਿੱਤੇ ਹੋਏ ਸਨ, ਜਿਨ੍ਹਾਂ ਉੱਤੇ ਕਰਜ਼ਾ ਦਿਵਾਉਣ ਦੇ ਬਹਾਨੇ ਉਨ੍ਹਾਂ ਦੇ ਸਕਿਊਰਟੀ ਨੰਬਰ ਤੇ ਬੈਂਕ ਨਾਲ ਸਬੰਧਤ ਜਾਣਕਾਰੀ ਹਾਸਲ ਕਰ ਲੈਂਦੇ ਹਨ ਅਤੇ ਉਸ ਨੂੰ ਤਸਦੀਕ ਕਰਨ ਦੇ ਨਾਂ ਉੱਤੇ ਉਨ੍ਹਾਂ ਤੋਂ ਕਮਿਸ਼ਨ ਵਜੋਂ ਅੰਤਰਰਾਸ਼ਟਰੀ ਤੋਹਫ਼ੇ ਆਦਿ ਲੈ ਲਿਆ ਕਰਦੇ ਹਨ। ਤੋਹਫ਼ੇ ਵਾਊਚਰਾਂ ਨੂੰ ਮਾਲਕਾਂ ਵੱਲੋਂ ਨਕਦ,ਖਰੀਦਾਰੀ ਵਿੱਚ ਬਦਲ ਲਿਆ ਜਾਂਦਾ ਹੈ। ਛੇ ਲੜਕਿਆਂ ਤੇ ਇੱਕ ਲੜਕੀ ਦੇ ਖ਼ਿਲਾਫ਼ ਮਾਮਲਾ ਦਰਜ ਕਰ ਕੇ ਗ੍ਰਿਫ਼ਤਾਰ ਕੀਤਾ ਗਿਆ ਹੈ। ਫਰਜ਼ੀ ਕਾਲ ਸੈਂਟਰ ਤੋਂ 9 ਲੈਪਟਾਪ, 7 ਹੈਡਫੋਨ, 12 ਮੋਬਾਈਲ ਫੋਨ, ਅਮਰੀਕੀ ਨਾਗਰਿਕਾਂ ਨਾਲ ਧੋਖਾਧੜੀ ਕਰਨ ਲਈ ਲਿਖਤੀ ਸਮੱਗਰੀ (ਅੰਗਰੇਜੀ ਵਿਚ), ਵਿਦੇਸ਼ੀ ਗਾਹਕਾਂ ਦੇ ਵੇਰਵੇ ਅਤੇ ਹੋਰ ਦਸਤਾਵੇਜ਼ ਬਰਾਮਦ ਕੀਤੇ ਗਏ ਹਨ। ਸੰਚਾਲਕ ਦੀ ਭਾਲ ਕੀਤੀ ਜਾ ਰਹੀ ਹੈ।

# ਲੱਦਾਖ਼ ਵਿੱਚ ਬਣ ਰਿਹਾ ਪੁਲ ਢਹਿ-ਢੇਰੀ, ਚਾਰ ਮੌਤਾਂ



ਲੇਹ, 11 ਅਪ੍ਰੈਲ (ਪੋਸਟ ਬਿਊਰੋ)- ਲੱਦਾਖ਼ ਦੇ ਨੁਬਰਾ ਸਬ-ਡਿਵੀਜਨ ਵਿੱਚ ਕੱਲ੍ਹ ਢਹਿ ਗਏ ਇੱਕ ਨਵੇਂ ਬਣਦੇ ਪੁਲ ਦੇ ਮਲਬੇ ਵਿੱਚੋਂ ਚਾਰ ਕਾਮਿਆਂ ਦੀਆਂ ਲਾਸ਼ਾਂ ਬਰਾਮਦ ਹੋਈਆਂ ਹਨ।

ਲੇਹ ਜ਼ਿਲ੍ਹੇ ਦੇ ਦਿਸ਼ਕਿਤ ਪਿੰਡ ਕੋਲ ਬਣ ਰਹੇ ਤਕਨਾ ਪੁਲ ਦਾ ਇੱਕ ਹਿੱਸਾ ਕੱਲ੍ਹ ਸ਼ਾਮ ਕਰੀਬ ਚਾਰ ਵਜੇ ਤੇਜ਼ ਹਵਾਵਾਂ ਨਾਲ ਢਹਿ ਗਿਆ ਅਤੇ ਇਸ ਦੇ ਮਲਬੇ ਵਿੱਚ ਛੇ ਮਜ਼ਦੂਰ ਫਸ ਗਏ। ਅਧਿਕਾਰੀਆਂ ਅਨੁਸਾਰ, 12 ਘੰਟਿਆਂ ਤਕ ਚੱਲੀ ਸਾਂਝੀ ਬਚਾਅ ਮੁਹਿੰਮ ਤੋਂ ਬਾਅਦ ਹਾਦਸੇ ਵਾਲੀ ਜਗ੍ਹਾ ਤੋਂ ਚਾਰ ਮਜ਼ਦੂਰਾਂ ਦੀਆਂ ਲਾਸ਼ਾਂ ਮਿਲੀਆਂ ਅਤੇ ਦੋ ਨੂੰ ਬਚਾ ਲਿਆ ਹੈ। ਬਚਾਏ ਗਏ ਦੋਵੇਂ ਮਜ਼ਦੂਰ ਗੰਭੀਰ ਜ਼ਖ਼ਮੀ ਹਨ ਅਤੇ ਉਨ੍ਹਾਂ ਨੂੰ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਹੈ। ਮ੍ਰਿਤਕਾਂ ਦੀ ਪਛਾਣ ਜੰਮੂ ਕਸ਼ਮੀਰ ਵਿੱਚ ਰਾਜੌਰੀ ਜ਼ਿਲ੍ਹੇ ਦੇ ਰਾਜ ਕੁਮਾਰ ਤੇ ਵਰਿੰਦਰ, ਛੱਤੀਸਗੜ੍ਹ ਦੇ ਮਨਜੀਤ ਅਤੇ ਪੰਜਾਬ ਦੇ ਲਵ ਕੁਮਾਰ ਵਜੋਂ ਹੋਈ ਹੈ।ਜ਼ਖ਼ਮੀਆਂ ਵਿੱਚ ਰਾਜੌਰੀ ਦੇ ਕੋਕੀ ਕੁਮਾਰ ਤੇ ਛੱਤੀਸਗੜ੍ਹ ਦੇ ਰਾਜ ਕੁਮਾਰ ਸ਼ਾਮਲ ਹਨ। ਬਚਾਏ ਗਏ ਲੋਕਾਂ ਨੂੰ ਹਵਾਈ ਮਾਰਗ ਤੋਂ ਲੇਹ ਪਹੁੰਚਾਉਣ ਲਈ ਭਾਰਤੀ ਹਵਾਈ ਫ਼ੌਜ ਦੀ ਮਦਦ ਲਈ ਗਈ।







## ਲੜਕੇ ਦੀ ਲੋੜ

ਕੈਨੇਡਾ ਦੀ ਪੀ.ਆਰ. 33 ਸਾਲਾ, 5 ਫੁੱਟ 6 ਇੰਚ ਸਿੱਖ ਕੰਬੋਜ ਲੜਕੀ ਲਈ ਯੋਗ ਵਰ ਦੀ ਲੋੜ ਹੈ। ਲੜਕੀ ਨੇ ਭਾਰਤ ਤੋਂ ਬੀ.ਡੀ.ਐੱਸ. ਡਿਗਰੀ ਕੀਤੀ ਹੈ ਅਤੇ ਕੈਨੇਡਾ ਆ ਕੇ ਡੈਂਟਲ ਹਾਈਜੀਨ ਦਾ ਕੋਰਸ ਕੀਤਾ ਹੈ। ਅਣਭੋਲ ਹਾਲਾਤ ਵਿਚ ਉਸ ਦਾ ਡਾਈਵੋਰਸ ਹੋ ਚੁੱਕਾ ਹੈ ਅਤੇ ਉਹ ਆਪਣਾ ਗ੍ਰਹਿਸਤੀ ਜੀਵਨ ਨਵੇਂ ਸਿਰਿਉਂ ਆਰੰਭ ਕਰਨਾ ਚਾਹੁੰਦੀ ਹੈ। ਜ਼ਾਤ-ਪਾਤ ਦਾ ਕੋਈ ਬੰਧਨ ਨਹੀਂ। ਇਸ ਸਬੰਧੀ ਫ਼ੋਨ 226-627-0048 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਕੇਸਾਧਾਰੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769

## ਲੜਕੀ ਦੀ ਲੋੜ

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਲੜਕੀ ਦੀ ਲੋੜ

Looking for a Suitable match for Khatri Punjabi boy 36 yrs old 5,6.Boy have multiple Visitor Visa Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen
Contact on 6473004877
Email :› komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11" ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9" ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013



























## Urgently Need New Listings in Brampton/Caledon

visit: www.teamjagaujla.com

Call **JAG AUJLA**
MCNE, REAL ESTATE BROKER
DIR: 416-371-7777
j.aujla@rogers.com www.jagaujla.com

**CALL JAG FOR A QUICK & FREE HOME EVALUATION**
www.BramptonTopRealtor.com www.BramptonTopAgent.com

### RECENTLY LISTED/SOLD IN YOUR NEIGHBOURHOOD BY JAG AUJLA

**JUST LISTED FOR SALE** — BRANTFORD, ONTARIO
* Premium Lot
* Approx. 2 Years New
* Over 2500 Square Feet
* 4 Bedroom + 3 W.R.
* Family Room Open To Above
* Computer Loft
* Main Floor Laundry
* Loaded With Upgrades

Call Jag Aujla For Details

**JUST LISTED FOR SALE** — BRAMPTON, ONTARIO
* 70 Feet Wide Prem. Lot
* 4+2 Bedrooms + 6 Washroom + Upgraded
* 2 Bedroom Legal Basement Apt.
* Fully Renovated
* Approx 4000 S/F Living space
* Almost Everything New

* Spent over $200k on upgrades
Call Jag Aujla For Details

| | | |
|---|---|---|
| SOLD $215,000 OVER ASKING IN 2 DAYS — 42 Lawnview Crt, Sandalwood /Hwy 10 / Braidwood | SOLD $101,000 OVER ASKING IN 2 DAYS — 11 Germain Circ, Miss.Rd/ William Pkwy/ Bovaird | SOLD $165,000 OVER ASKING IN 2 DAYS — 5 Mitchell Ave, Sandalwood/ Conestoga/ Dalzell |
| SOLD @101% OF ASKING PRICE — 12 Laurelcrest St, Queen / Laurelcrest / Hwy 410 | SOLD $260,000 OVER ASKING IN 4 DAYS — 10 Lady Stewart Blvd, Howden / William Pkwy/ Hwy 410 | SOLD @99% OF ASKING PRICE — 11 Van Hoof Crest, Castlemore/ Goreway / Latania |
| SOLD $121,000 OVER ASKING IN 6 DAYS Caledon — 42 Pinedale Ave, Kennedy / Dougall | SOLD $73,000 OVER ASKING IN 6 DAYS Shelbourne — 416 Olde Village Lane, Hwy 89 / Greenwood | SOLD $355,000 OVER ASKING IN 4 DAYS — 37 Esker Dr, Heart Lake Rd/Sandalwood Pkwy |

**FREE**
- Full MLS Services
- Consistently Marketing Your Property Until SOLD
- Staging Consultation
- Billboard, Flyer, Newspaper
- Online Promotion
- Professional Pictures and Virtual Tour
- Social media & Radio Advertisement
- Open House Until Sold
- Competitive Rates, Exceptional Service & Award Winning Results

RE/MAX Realty Specialists Inc. Brokerage (Independently Owned and Operated)
Off: 905-456-3232
Call JAG AUJLA DIR: 416-371-7777
MCNE, REAL ESTATE BROKER — NOT INTENDED TO SOLICIT BUYERS OR SELLER CURRENTLY UNDER CONTRACT — March 2022



## ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
## ਅਵਤਾਰ ਸਿੰਘ ਟਿਵਾਣਾ

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana, Sales Representative
Tel: 905.793.5777 416.802.5866
31 Melanie Dr. Unit #4 Brampton, ON L6T 5H8

**SOLD — $1,399,999 — CASTLEMORE/GOREWAY**
ਬਰੈਂਪਟਨ ਵਿਚ ਬਹੁਤ ਹੀ ਸੋਹਣਾ ਅਤੇ ਸਾਫ਼ ਸੁਥਰਾ 3500-5000 ਵਰਗ ਦਾ 4 ਬੈਡਰੂਮ ਅਤੇ 5 ਵਾਸ਼ਰੂਮ ਦਾ ਘਰ, ਫਿਨਿਸ਼ਡ ਬੇਸਮੈਂਟ ਵਿਚ ਕਿਚਨ ਅਤੇ ਸੈਪਰੇਟ ਐਂਟਰੈਂਸ, ਮੇਨ ਫਲੋਰ 'ਤੇ 9 ਫੁੱਟ ਦੀ ਸੀਲਿੰਗ,ਫਾਰਮਲ ਲਿਵਿੰਗ, ਡਾਇਨਿੰਗ ਅਤੇ ਫੈਮਿਲੀ ਰੂਮ, ਮੇਨ ਫਲੋਰ ਤੇ ਡੇਨ, ਅਪਗ੍ਰੇਡ ਕਿਚਨ ਅਤੇ ਗਰੇਨਾਈਟ ਕਾਊਂਟਰ ਟਾਪ, 2 ਫਰਿਜ, 2 ਸਟੋਵ, 1 ਡਿਸ਼ਵਾਸ਼ਰ, ਕੱਪੜੇ ਧੋਣ ਲਈ ਮੇਨ ਫਲੋਰ 'ਤੇ ਵਾਸ਼ਰ ਅਤੇ ਡਰਾਈਅਰ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ। ਸਾਰੀਆਂ ਸਹੂਲਤਾਂ ਦੇ ਨੇੜੇ

**FOR SALE — $1,749,900 — 8337 ਗਲਫ ਲਾਈਨ**
401 & ਗਲਫ ਲਾਈਨ ਏਰੀਆ ਵਿਚ 2.61 ਏਕੜ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 2 ਬੈਡਰੂਮ, 1 ਵਾਸ਼ਰੂਮ ਹੈ। ਆਪਣਾ ਮਨਪਸੰਦ ਦਾ ਕਸਟਮ ਡਰੀਮ ਹਾਊਸ ਬਣਾਉਣ ਲਈ ਪਰਮਿਟ ਅਪਰੂਵਡ। ਹਾਈਵੇ 410 ਅਤੇ ਟਾਊਨ ਆਫ ਮਿਲਟਨ ਦੇ ਨਜ਼ਦੀਕ। ਏਅਰਪੋਰਟ ਤੋਂ ਕੁਝ ਹੀ ਮਿੰਟਾਂ ਦੀ ਦੂਰੀ ਉਤੇ। ਹੋਰ ਜਿਆਦਾ ਜਾਣਕਾਰੀ ਲਈ ਕਾਲ ਕਰੋ: 416-802-5866

**FOR SALE — $1,950,000 — 26 Yellow RomeRd**
ਕੈਸਲਮੋਰ/ਗੋਰਵੇ
ਕੈਸਲਮੋਰ/ਗੋਰਵੇ ਦੇ ਏਰੀਆ ਵਿਚ ਬਹੁਤ ਹੀ ਸੁੰਦਰ ਫੁਲੀ ਅਪਗ੍ਰੇਡਡ ਘਰ। 4 ਬੈਡਰੂਮ ਵਿਦ ਇਨਸੂਟ ਅਤੇ ਵਾਕਇਨ ਕਲਾਜਿਟ, ਮਾਡਰਨ ਕਿਚਨ ਗ੍ਰੇਨਾਈਟ ਕਊਂਟਰ ਟਾਪ ਦੇ ਨਾਲ। 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੈਂਟ ਵਿਦ ਸੈਪਰੇਟ ਐਂਟਰੈਂਸ, 6 ਵਾਸ਼ਰੂਮ, 2 ਫਰਿੱਜ, 2 ਸਟੋਵ, ਦੂਸਰੀ ਮੰਜਲ ਉਤੇ ਲਾਊਂਡਰੀ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ



jobs! jobs! jobs! jobs! jobs!

DUNDAS-JAFINE

## HELP WANTED
### ਕਾਮਿਆਂ ਦੀ ਲੋੜ
### ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
Afternoon and Midnight Shifts Available.

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੋਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
80 West Drive, Brampton

Apply In Person to complete application in the Shipping Department



## ASIAN FOOD CENTRE — Vaisakhi SALE
www.AsianFoodCentre.com — 8TH APR TO 19TH APR 2022 — Fresh Fruits, Vegetables, Indian & Canadian Grocery

| | | | | |
|---|---|---|---|---|
| SHER DESI STYLE ATTA $13.99 | TAJ ATTA $12.99 | MEERA BESAN $4.99 | ALMONDS $4.99 1LB | |
| ASIAN BASMATI RICE $8.99 | AFC DIAMOND RICE $7.99 | MOTHER DAIRY PANEER $4.29 | SAFFRON $1.99 | GOLDEN COOKIES $5.49 |
| ANGUR TOOR DAL $13.99 | TASTY BROWN SUGAR $7.99 | REDPATH SUGAR $2.99 | TEA INDIA $8.99 | INDIAN ROOHAFZA $3.49 |
| PARLE-G $0.89 | BRAR RASMALAI $8.99 | BRITANNIA DRY CAKE $2.99 | MOTHER DAIRY MAKHANI $3.99 | BIKANERI COOKIES $4.99 |
| POPULAR PARATHA $3.99 | HEINZ KETCHUP $4.99 | MR GOUDAS SALT $0.99 | INDICA NATURAL BROWN HAIR COLOR 2 FOR $4 | PACHARANGA FOODS ASSORTED PICKLE $3.79 |
| GOOD DAY COOKIES 3 FOR $2 | SURATI SNACKS $2.29 | APPY FIZZ $0.99 | WAGHBAKRI TEA $10.99 | BR TIGER GLUCOSE BISCUIT $1.49 |
| MR GOUDAS CHICK PEAS $1.49 | | | | |

| | | | | |
|---|---|---|---|---|
| BIKANO DRY PETHA $3.99 | BIKANERI GOLGAPPE $3.29 | MR GOUDAS RED KIDNEY BEANS $1.49 | PAKISTANI ROOHAFZA $4.49 | BRITANNIA MILK RUSK $3.49 |
| BLACK CHANA $4.49 | CHANA DAL $3.99 | CIAN FRESH CUT VEGETABLES $0.79 | PRAN ASST CHUTNEY $2.29 | PRAN FLATTENED RICE (POHA) $1.29 |




ETOBICOKE 10 Westmore Dr. 416-740-3262
MISSISSAUGA 1075 Ceremonial Dr. 905-502-1600
BRAMPTON 621 Wanless Dr. 905-495-3336
BRAMPTON 2120 N Park Dr. 905-793-1338
BRAMPTON 80 Pertosa Dr. 905-460-0009
BRAMPTON 40 Airport RD & Lacoste Blvd. 905-794-8109
BRAMPTON 10510 Torbram Rd. 905-790-0030
BRAMPTON 10 Pannahill Dr. 905-913-8017
TOLL FREE 1-800-708-9232

We reserve the right to limit the quantity. Prices subject to change without notice, while supplies last. Product images are for illustration purpose only. Design & Print by InfoTech Media